# ਪਰਤ ਆਉਣ ਤੱਕ

ਡਾ. ਸਤੀਸ਼ ਕੁਮਾਰ ਵਰਮਾ

ਪਾਤਰ :

| | | |
|---|---|---|
| ਦੋ ਮਰਾਸੀ | : | (ਇਹੀ ਬਾਅਦ ਵਿੱਚ ਸੱਜਣ ਅਤੇ ਸੁੰਦਰ ਦੇ ਮੁੰਡੇ ਬਣਦੇ ਹਨ) |
| ਸੱਜਣ | : | ਵੱਡਾ ਭਰਾ |
| ਸੁੰਦਰ | : | ਛੋਟਾ ਭਰਾ |
| ਕਰਤਾਰੀ | : | ਵੱਡੇ ਭਰਾ ਦੀ ਘਰਵਾਲ਼ੀ |
| ਸੰਤੀ | : | ਛੋਟੇ ਭਰਾ ਦੀ ਘਰਵਾਲ਼ੀ |
| ਗੁਰਦੀਪ (ਦੀਪਾ) | : | ਸੱਜਣ ਦਾ ਮੁੰਡਾ(ਦੋਵੇਂ ਹਾਣੀ ਅਤੇ ਕਾਲਜੀਏਟ) |
| ਰਾਜਿੰਦਰ (ਜਿੰਦਾ) | : | ਸੁੰਦਰ ਦਾ ਮੁੰਡਾ |
| ਬਜ਼ੁਰਗ (ਪੰਜਾਬਾ) | : | ਸੱਜਣ ਅਤੇ ਸੁੰਦਰ ਦਾ ਪਿਤਾ |
| ਸਮਾਂ | : | ਅੱਜ-ਕੱਲ੍ਹ |
| ਸਥਾਨ | : | ਪੰਜਾਬ ਦਾ ਕੋਈ ਪਿੰਡ |

## ਦ੍ਰਿਸ਼ ਪਹਿਲਾ

### ਫ਼ੇਡ ਇਨ

[ਪਿੰਡ ਵਿੱਚ ਸਟੇਜ ਲੱਗੀ ਹੋਈ ਹੈ। ਪਰਦਾ ਹੋਇਆ ਹੋਇਆ ਹੈ। ਪੰਡਾਲ ਵਿੱਚ ਖਚਾਖਚ ਭੀੜ ਹੈ। ਸਪਸ਼ਟ ਹੈ ਕਿ ਪਿੰਡ ਦੇ ਲੋਕੀਂ ਕੋਈ ਸਮਾਗਮ ਵੇਖਣ ਆਏ ਹੋਏ ਹਨ। ਪੰਡਾਲ ਸਜਿਆ ਹੋਇਆ ਹੈ। ਅਚਾਨਕ ਦੋ ਮਰਾਸੀ ਇੱਕ ਕੋਨੇ ਤੋਂ ਮੰਚ ਉੱਤੇ ਆ ਚੜ੍ਹਦੇ ਹਨ। ਉਹਨਾਂ ਨੇ ਪਰੰਪਰਿਕ ਮਰਾਸੀਆਂ ਵਾਲ਼ੇ ਕੱਪੜੇ ਪਾਏ ਹੋਏ ਹਨ। ਇੱਕ ਦੇ ਹੱਥ ਵਿੱਚ ਚਮੋਟਾ ਹੈ। ਦੂਜੇ ਦਾ ਹੱਥ ਵਾਰ-ਵਾਰ ਸਿਰ 'ਤੇ ਬੱਧੇ ਪਰਨੇ ਨੂੰ ਪੈਂਦਾ ਹੈ। ਮੰਚ ਤੇ ਚੜ੍ਹਦਿਆਂ-ਚੜ੍ਹਦਿਆਂ ਹੀ ਬੋਲਦੇ ਆਉਂਦੇ ਹਨ।]

ਦੋਵੇਂ : ਭਾਗ ਲੱਗੇ ਰਹਿਣ, ਵੇਲ ਵਧਦੀ ਰਹੇ, ਰੌਣਕਾਂ ਲੱਗੀਆਂ ਰਹਿਣ, ਸਾਡੇ ਜਜਮਾਨਾਂ ਦੇ ਵਿਹੜੇ ਭਰਦੇ ਰਹਿਣ! ਘਰ ਵੱਸਦੇ ਰਹਿਣ।

ਪਹਿਲਾ : ਜੀਅ ਬਚਦੇ ਰਹਿਣ।

ਦੂਜਾ : ਦੁਰ-ਫਿੱਟੇ ਮੂੰਹ ਤੇਰਾ ਓ! ਜੀਅ ਬਚਦੇ ਰਹਿਣ ਕੀ ਆਖਿਆ ਈ? ਮਰੇਂ, ਪਲੇਗ ਪਈ ਹੋਈ ਏ ਕਿ ਹੈਜ਼ਾ ਫੈਲਿਆ ਹੋਇਐ?

ਪਹਿਲਾ : ਨਹੀਓਂ, ਪਲੇਗ ਹੈਜ਼ਾ ਤੇ ਅੱਜ-ਕੱਲ੍ਹ ਨਹੀਂਓ ਪੈਂਦੇ, ਸਰਕਾਰ ਨੇ ਰੋਕਾਂ ਲਾ ਛੱਡੀਆਂ। ਇਉਂ ਚੱਲਣ ਲੱਗ ਪੈਂਦਾ ਹੈ ਜਿਵੇਂ ਮੋਟਰ-ਸਾਈਕਲ 'ਤੇ ਬੈਠਾ ਹੋਵੇ। ਦੋਵੇਂ ਮੰਚ 'ਤੇ ਗੇੜੇ

| | | |
|---|---|---|
| | | ਕੱਢਦੇ ਹਨ। ਅਚਾਨਕ ਮੰਚ ਦੇ ਖੱਬੇ ਪਾਸਿਓਂ ਦੋ ਬੰਦੇ ਆਉਂਦੇ ਹਨ। ਦੋਹਾਂ ਦੇ ਕੱਪੜੇ ਸ਼ਹਿਰੀਆਂ ਵਾਲੇ ਹਨ ਪਰ ਚਿਹਰੇ ਤੇ ਮੇਕ-ਅੱਪ ਹੋਇਆ ਹੋਇਆ ਹੈ। ਸਪਸ਼ਟ ਲੱਗਦਾ ਹੈ ਜਿਵੇਂ ਡਰਾਮੇ ਦੇ ਕਲਾਕਾਰ ਹੋਣ ਅਤੇ ਅਜੇ ਪਾਤਰਾਂ ਦੇ ਕਾਸਟਿਊਮਜ਼ ਨਹੀਂ ਪਾਏ। ਸਿੱਧਾ ਗਰੀਨ-ਰੂਮ ਵਿੱਚੋਂ ਆਏ ਲੱਗਦੇ ਹਨ। |
| ਦੋਵੇਂ | : | (ਆਉਣ ਸਾਰ) ਓਏ ! ਇਹ ਤੁਸੀਂ ਕੀ ਕਰਦੇ ਪਏ ਓ! |
| ਦੋਵੇਂ ਮਰਾਸੀ | : | (ਇਕਦਮ ਰੁਕ ਕੇ) ਜੀ, ਜੀ... ਅਸੀਂ। |
| ਪਹਿਲਾ ਕਲਾਕਾਰ | : | ਓ ਜੀ, ਜੀ ਦੇ ਲੱਗਦੇ। ਉਏ ਹੋ ਕੌਣ ਤੁਸੀਂ ਬਿਨਾਂ ਕਿਸੇ ਦੀ ਇਜਾਜ਼ਤ ਦੇ ਸਟੇਜ 'ਤੇ ਚੜ੍ਹ ਆਏ ? |
| ਪਹਿਲਾ ਮਰਾਸੀ | : | ਜੀ ਅਸੀਂ ਮੀਰਜ਼ਾਦੇ ਹੁੰਨੇ ਆਂ ਜੀ। ਅਸੀਂ ਵੀ ਕਿਸੇ ਦੇ ਸਾਹਬਜ਼ਾਦੇ ਹੁੰਨੇ ਆਂ। |
| ਦੂਜਾ ਕਲਾਕਾਰ | : | ਅੱਛਾ ! |
| ਦੂਜਾ ਮਰਾਸੀ | : | ਓ ਜੀ, ਏਹਦੀ ਗੱਲ ਦਾ ਗੁੱਸਾ ਨਾ ਕਰਿਓ (ਪਹਿਲੇ ਦੇ ਚਮੋਟਾ ਮਾਰ ਕੇ) - ਪਰ੍ਹਾਂ ਹੋ ਜ਼ਰਾ, ਸਾਹਬ ਬਹਾਦਰ ਨਾਲ ਮੈਨੂੰ ਗੱਲ ਕਰਨ ਦੇ। |
| ਪਹਿਲਾ ਕਲਾਕਾਰ | : | ਹਾਂ, ਹਾਂ। ਦੱਸ ਤੂੰ। |
| ਦੂਜਾ ਮਰਾਸੀ | : | ਓ ਜੀ, ਅਸੀਂ ਤੁਰਦੇ-ਫਿਰਦੇ ਆਏ। ਪੰਡਾਲ ਸਜਿਆ ਸੀ। ਜਜਮਾਨ ਬੈਠੇ ਸਨ। ਮਾਰ੍ਹਾਜ.....ਤੇ ਆਹ ਚਬੂਤਰਾ ਛੜਿਆਂ ਦੇ ਵਿਹੜੇ ਆਂਗੂੰ ਖ਼ਾਲੀ ਚਮਕ ਰਿਹਾ ਸੀ। ਅਹੀਂ ਸੋਚਿਆ ਚਲੋ ਦੋ ਘੜੀ ਜਜਮਾਨਾਂ ਲਈ ਰੌਣਕਾਂ ਲਾਈਏ। |
| ਪਹਿਲਾ ਮਰਾਸੀ | : | ਤੇ ਰੁਪਈਆ-ਧੇਲੀ ਹੱਥ ਧਰਾਈਏ। |
| ਦੂਜਾ ਕਲਾਕਾਰ | : | ਅੱਛਾ, ਅੱਛਾ! ਫੇਰ ਤੇ ਤੁਸੀਂ ਸਾਡੇ ਕਲਾਕਾਰ ਭਰਾ ਹੋਏ। |
| ਦੂਜਾ ਮਰਾਸੀ | : | ਹੈਂ ਜੀ, ਕੀ ਆਖਿਆ, ਤੁਸੀਂ ਸਾਡੇ ਭਰਾ ਜੇ। ਬੱਲੇ-ਬੱਲੇ, ਰੌਣਕਾਂ ਲੱਗੀਆਂ ਰਹਿਣ, ਉਏ ਢੱਕਣਾ। ਆਹ ਵੇਖ ਓਏ......ਆਪਣੇ ਖ਼ਾਨਦਾਨੀ.......ਬਾਊ ਬਣੇ ਹੋਏ.........ਆਹ ਪੈਂਟਾਂ ਵੇਖ......(ਪਹਿਲੇ ਦੀ ਪੈਂਟ ਨੂੰ ਹੱਥ ਲਾ ਕੇ ਪਲੋਸਦਾ ਹੋਇਆ) ਆਹ.......ਲਿਸ਼ਕਣ-ਪੁਸ਼ਕਣ......ਵੇਖ ਖਾਂ। |
| ਦੋਵੇਂ | : | (ਛਿੱਥੇ ਜਿਹੇ ਪੈ ਕੇ) ਓ ਸਾਡਾ ਮਤਲਬ ਇਹ ਨੀ! |
| ਦੂਜਾ ਮਰਾਸੀ | : | ਓ ਕੋਈ ਮਤਲਬ ਹੋਵੇ ! ਓ ਲੋਕੋ ! ਵੇਖੋ ਓਏ, ਅਸੀਂ ਵੀ |

ਤਰੱਕੀ ਕਰ ਲਈ ਜੇ।

ਪਹਿਲਾ ਕਲਾਕਾਰ : (ਡਾਂਟ ਦੇ ਲਹਿਜੇ ਨਾਲ਼) ਓਏ ਬੰਦੇ ਬਣ ਕੇ ਗੱਲ ਸੁਣਦੇ ਓ ਕਿ ਨਹੀਂ?

[ਦੋਵੇਂ ਮਰਾਸੀ ਛਹਿ ਕੇ ਬਹਿ ਜਾਂਦੇ ਹਨ]

ਦੂਜਾ ਕਲਾਕਾਰ : (ਨਰਮੀ ਤੇ ਪਿਆਰ ਨਾਲ਼ ਉਹਨਾਂ ਨੂੰ ਉਠਾ ਕੇ) ਓ ਬਈ ਸਾਡਾ ਮਤਲਬ ਐ ਕਿ ਅਸੀਂ ਕਲਾਕਾਰ ਆਂ। ਪੰਜਾਬ ਸਰਕਾਰ ਦੇ 'ਲੋਕ ਸੰਪਰਕ ਵਿਭਾਗ' ਦੇ ਕਲਾਕਾਰ। ਸਾਡਾ ਕੰਮ ਵੀ ਕਾਫ਼ੀ ਹੱਦ ਤੱਕ ਤੁਹਾਡੇ ਵਰਗਾ ਈ ਐ।

ਪਹਿਲਾ ਮਰਾਸੀ : (ਰੋਣ ਦੀ ਅਵਾਜ਼) ਓ, ਮਰ ਗਏ ਓ, ਲੋਕੋ ! ਆਹ ਸਰਕਾਰ ਦੀ ਹੁਣ ਆਹ ਕਸਰ ਬਾਕੀ ਸੀ। ਸਾਡੀ ਗਰੀਬਾਂ ਦੀ ਰੋਟੀ ਖੋਹ ਲਈ ਓਏ (ਹੋਰ ਰੋਂਦੀ ਅਵਾਜ਼ 'ਚ) ਓਏ ਆਹ ਸਾਡਾ ਕੰਮ ਵੀ ਅਫ਼ਸਰਾਂ ਨੂੰ ਦੇ ਦਿੱਤਾ ਓਏ! (ਦੂਜੇ ਨੂੰ ਲੈ ਕੇ ਇੱਕ ਖੂੰਜੇ ਬਹਿ ਜਾਂਦਾ ਹੈ)

ਪਹਿਲਾ ਕਲਾਕਾਰ : (ਦੂਜੇ ਨੂੰ) ਵਟ ਨਾਨਸੈਂਸ! ਤੂੰ ਵੀ ਯਾਰ ਕਮਾਲ ਕਰਦੈਂ। ਆਹ ਕੀ ਸਿੜੀ-ਸਿਆਪਾ ਪਾ ਲਿਆ। ਇਹਨਾਂ ਕੰਜਰਾਂ ਨੇ ਤਾਂ ਰਾਜੇ-ਮਹਾਰਾਜਿਆਂ ਨੂੰ ਗੱਲ ਨੀ ਸੀ ਆਉਣ ਦਿੱਤੀ। ਤੂੰ ਇਹਨਾਂ ਨਾਲ਼ ਡਿਸਕਸ਼ਨ ਕਰਨ ਲੱਗ ਪਿਐਂ। ਇਹਨਾਂ ਨੂੰ ਕਰ ਪਰ੍ਹੇ ਤੇ ਡਰਾਮਾ ਸ਼ੁਰੂ ਕਰੀਏ।

ਦੂਜਾ ਕਲਾਕਾਰ : (ਪਹਿਲੇ ਨੂੰ ਸਮਝਾਉਣ ਵਾਲ਼ੇ ਲਹਿਜੇ ਵਿੱਚ) ਮਾਈ ਡੀਅਰ, ਜ਼ਰਾ ਠਹਿਰ! ਕਾਹਲ਼ਾ ਨਾ ਪੈ (ਦੋਹਾਂ ਮਰਾਸੀਆਂ ਵੱਲ) ਓ ਬਈ, ਤੁਸੀਂ ਦੋ ਮਿੰਟ ਮੇਰੀ ਗੱਲ ਜ਼ਰਾ ਕੰਨ ਖੋਲ੍ਹ ਕੇ ਤੇ ਜ਼ਬਾਨ ਬੰਦ ਕਰਕੇ ਸੁਣੋ।

ਦੋਵੇਂ ਮਰਾਸੀ : (ਮੂੰਹ ਬੰਦ ਕਰਕੇ ਤੇ ਕੰਨਾਂ 'ਚ ਉਂਗਲ਼ੀਆਂ ਮਾਰ ਕੇ) ਹਾਂ ਜੀ, ਸਾਹਬ ਜੀ। ਸੁਣਾਓ.....।

ਦੂਜਾ ਕਲਾਕਾਰ : ਬਈ, ਅਸੀਂ ਤੁਹਾਡੀ ਰੋਜ਼ੀ-ਰੋਟੀ 'ਤੇ ਲੱਤ ਨੀ ਮਾਰਦੇ। ਦੇਖੋ, ਤੁਸੀਂ ਬੜੀਆਂ ਸਦੀਆਂ ਤੱਕ ਲੋਕਾਂ ਨੂੰ ਹਸਾਇਆ, ਮਨਾਇਆ।

ਪਹਿਲਾ ਮਰਾਸੀ : ਤੇ ਰੁਪਈਆ ਹੱਥ ਧਰਾਇਆ।

ਦੂਜਾ ਮਰਾਸੀ : (ਚਮੋਟਾ ਮਾਰ ਕੇ) ਤੈਥੋਂ ਟਿਕ ਕੇ ਗੱਲ ਨੀ ਸੁਣ ਹੁੰਦੀ? ਵੱਡਾ ਖੜਪੰਚ! ਹਾਂ ਸਾਹਬ ਜੀ।

ਦੂਜਾ ਕਲਾਕਾਰ : ਤੇ ਹੁਣ ਜ਼ਮਾਨਾ ਬਦਲ ਗਿਆ, ਲੋੜਾਂ ਬਦਲ ਗਈਆਂ।

| | | |
|---|---|---|
| | | ਗੱਡਿਆਂ ਦੀ ਥਾਂ ਗੱਡੀਆਂ ਆਗੀਆਂ। ਹਲ਼ਾਂ ਦੀ ਥਾਂ ਟਰੈਕਟਰ ਆ ਗਏ। ਆ ਗਏ ਕਿ ਨਾ........? |
| ਦੋਵੇਂ ਮਰਾਸੀ | : | ਠੀਕ ਜੀ! ਠੀਕ! |
| ਦੂਜਾ ਕਲਾਕਾਰ | : | ਓਵੇਂ ਈ ਭਾਈ......ਕਲਾ ਦੀ ਦੁਨੀਆਂ 'ਚ ਵੀ ਤਾਂ ਤਬਦੀਲੀ ਆਉਣੀ ਸੀ। ਆਉਣੀ ਬਣਦੀ ਸੀ ਨਾ....... ! |
| ਦੂਜਾ ਮਰਾਸੀ | : | ਸਤਬਚਨ ਜੀ! ਠੀਕ! ਬਿਲਕੁਲ ਠੀਕ! ਸੋਲ਼ਾਂ ਆਨੇ ਸੱਚ! |
| ਪਹਿਲਾ ਮਰਾਸੀ | : | ਤੇ ਰੁਪਈਆ ਹੱਥ।<br>(ਪਹਿਲਾ ਝਿੜਕਦਾ ਹੈ) |
| ਪਹਿਲਾ ਕਲਾਕਾਰ | : | ਉਸੇ ਤਰ੍ਹਾਂ ਹੁਣ ਤੁਹਾਡੇ ਆਲ਼ੇ ਕੰਮ ਦੇ ਵੀ ਰੂਪ ਬਦਲ ਗਏ। ਬਕਾਇਦਾ ਮੰਡਲੀਆਂ ਬਣ ਗਈਆਂ। ਸਟੇਜਾਂ ਲੱਗਦੀਆਂ ਤੇ ਕਲਾਕਾਰ ਆ ਕੇ ਬਾਤਾਂ ਸੁਣਾਉਂਦੇ। |
| ਦੂਜਾ ਮਰਾਸੀ | : | ਸਾਡੇ ਆਂਗੂੰ ਜੀ। |
| ਪਹਿਲਾ ਕਲਾਕਾਰ | : | (ਹਾਂ! ਇਹ ਤੁਹਾਡੇ ਆਲ਼ਾ ਕਿੱਤਾ ਹੁਣ ਮਾੜਾ ਨੀ ਗਿਣਿਆ ਜਾਂਦਾ। ਹੁਣ ਇਹਨੂੰ ਲੋਕ ਸਤਿਕਾਰ ਦੀ ਨਜ਼ਰ ਨਾਲ਼ ਵੇਖਦੇ ਨੇ।) |
| ਦੂਜਾ ਮਰਾਸੀ | : | (ਹੈਰਾਨੀ ਨਾਲ਼) ਹਲਾ ਜੀ! |
| ਦੂਜਾ ਕਲਾਕਾਰ | : | ਹਾਂ। ਅਸੀਂ ਵੀ ਇਸੇ ਤਰ੍ਹਾਂ ਦੇ ਕਲਾਕਾਰ ਆਂ। ਸਰਕਾਰ ਸਾਨੂੰ ਤਨਖ਼ਾਹਾਂ ਦਿੰਦੀ ਬਈ ਅਸੀਂ ਪਿੰਡਾਂ 'ਚ ਜਾਈਏ। ਉੱਥੋਂ ਦੇ ਲੋਕਾਂ ਦੀਆਂ ਸਮੱਸਿਆਵਾਂ ਨੂੰ ਜਾਣੀਏ, ਸਮਝੀਏ ਤੇ ਫੇਰ ਕਲਾ ਦੀ ਪੁੱਠ ਦੇ ਕੇ ਇਹਨਾਂ ਗੱਲਾਂ ਨੂੰ ਉਹਨਾਂ ਨੂੰ ਸਮਝਾਈਏ। |
| ਪਹਿਲਾ ਮਰਾਸੀ | : | ਅੱਛਾ ਜੀ ! ਆਹ ਤਾਂ ਫੇਰ ਕਮਾਲ ਈ ਹੋਈ ਪਈ ਐ। ਧੋਤੀ ਪਾਟ ਕੇ ਰੁਮਾਲ ਈ ਹੋਈ ਪਈ ਐ। |
| ਦੂਜਾ ਮਰਾਸੀ | : | (ਫੇਰ ਝਿੜਕ ਕੇ) ਤਾਂ ਫੇਰ ਸਾਹਿਬ ਜੀ (ਰੋਣ ਦੀ ਅਵਾਜ਼ 'ਚ) ਅਸੀਂ ਕਿੱਥੇ ਜਾਈਏ? ਸਰਕਾਰ ਨੇ ਸਾਡਾ ਕੰਮ ਤਾਂ ਧਾਨੂੰ ਦੇ 'ਤਾ। ਅਸੀਂ ਬੱਚੇ ਕਿੱਥੋਂ ਪਾਲ਼ੀਏ-ਮਾਪਿਆਂ ਆਲ਼ਿਓ!<br>[ਲੋਕਾਂ ਅੱਗੇ ਵਾਸਤਾ ਪਾਉਂਦਾ ਹੈ] |
| ਪਹਿਲਾ ਕਲਾਕਾਰ | : | (ਦੂਜੇ ਨਾਲ਼ ਸਲਾਹ-ਮਸ਼ਵਰਾ ਕਰਦਿਆਂ) ਤੁਸੀਂ ਮੀਰਜ਼ਾਦਿਓ ਘਬਰਾਓ ਨਾ। ਤੁਸੀਂ ਏਉਂ ਕਿਉਂ ਨੀ ਕਰਦੇ ਬਈ ਸਾਡੇ ਡਰਾਮੇ 'ਚ ਪਾਰਟ ਕਰੋ। ਕਲਾਕਾਰ ਤੁਸੀਂ ਹੋ ਈ। ਬੱਸ ਗੱਲ ਆਪਣੇ ਕੋਲ਼ੋਂ ਨੀ ਬਣਾਉਣੀ ਜੋ ਸਾਡੇ ਡਾਇਰੈਕਟਰ |

ਸਾਹਿਬ ਦੱਸਣ-ਉਹੀ ਬੋਲਣੀ ਐ।

ਦੂਜਾ ਮਰਾਸੀ : ਮਤਲਬ ਖੁੱਲ੍ਹਾ ਝੱਗਾ ਛੱਡ ਕੇ - ਤੇ ਸੀਪਿਆ ਵਿਆ ਪਾਉਣਾ।

ਦੂਜਾ ਕਲਾਕਾਰ : ਆਹੋ.........ਆਹੋ......ਤੇ ਨਾਲ਼ੇ ਦਿਹਾੜੀ ਤੁਹਾਨੂੰ ਸਰਕਾਰ ਦੇ ਦੇਵੇਗੀ।

ਦੋਵੇਂ ਕਲਾਕਾਰ : ਚਲੋ, ਚਲੋ, ਫੇਰ ਜਲਦੀ ਕਰੋ! ਪਹਿਲਾਂ ਹੀ ਦੇਰ ਬਹੁਤ ਹੋ ਗਈ ਹੈ।

[ਸਾਰੇ ਮੰਚ ਦੇ ਪਿੱਛੇ ਚਲੇ ਜਾਂਦੇ ਹਨ।]

(ਫ਼ੇਡ ਆਊਟ)

## ਦ੍ਰਿਸ਼ ਦੂਜਾ

## ਫ਼ੇਡ ਇਨ

[ਪਰਦਾ ਹੌਲ਼ੀ-ਹੌਲ਼ੀ ਉੱਠਦਾ ਹੈ। ਮੰਚ 'ਤੇ ਸੱਜੇ ਤੇ ਖੱਬੇ ਦੋ ਘਰ ਬਣੇ ਦਿਸਦੇ ਹਨ। ਦੋਂਹਾਂ ਘਰਾਂ ਦੇ ਦੋਵੇਂ ਪਾਸੇ ਉਲਟੇ ਬਣੇ ਹੋਏ ਹਨ। ਬੂਹਿਆਂ ਅੱਗੇ ਮੰਜਾ, ਪੀੜ੍ਹੀ ਆਦਿ ਪਏ ਹਨ। ਮੂਹਰੇ ਖੁੱਲ੍ਹਾ ਵਿਹੜਾ ਹੈ। ਦੋਂਹਾਂ ਘਰਾਂ ਦੇ ਵਿਚਕਾਰ ਮੰਚ ਦੇ ਪਿੱਛੇ ਜਿਹੇ ਕਰਕੇ ਗੱਡੇ ਦਾ ਇੱਕ ਟੁੱਟਿਆ ਜਿਹਾ ਪਹੀਆ ਪਿਆ ਹੈ। ਪਹੀਏ ਦੇ ਪਿੱਛੇ ਇੱਕ ਨਿੱਕਾ ਜਿਹਾ ਢਾਰਾ ਹੈ। ਜਿਸ ਵਿੱਚ ਬਜ਼ੁਰਗ ਰਹਿੰਦਾ ਹੈ। ਨਕਸ਼ੇ ਤੋਂ ਲੱਗਦਾ ਹੈ ਜਿਵੇਂ ਇਹ ਇੱਕ ਘਰ ਦੇ ਦੋ ਟੁਕੜੇ ਹੋਏ-ਹੋਏ ਹਨ। ਇਹ ਵਿਚਕਾਰਲਾ ਢਾਰਾ ਤੇ ਢਾਰੇ ਦੇ ਮੂਹਰੇ ਪਿਆ ਗੱਡੇ ਦਾ ਪਹੀਆ, ਦੋਂਹਾਂ ਘਰਾਂ ਦੀ ਵੰਡ ਨੂੰ ਦਰਸਾਉਂਦੇ ਹੋਏ ਵਿਚਕਾਰ ਜਿਵੇਂ ਸਾਂਝੀ ਨਿਸ਼ਾਨੀ ਵਜੋਂ ਪਏ ਹਨ। ਮੰਚ 'ਤੇ ਹੌਲ਼ੀ-ਹੌਲ਼ੀ ਰੋਸ਼ਨੀ ਹੁੰਦੀ ਹੈ। ਗੱਡੇ ਦੇ ਪਹੀਏ 'ਤੇ ਇੱਕ ਬਜ਼ੁਰਗ ਬੈਠਾ ਸਣ ਵੱਟਦਾ ਨਜ਼ਰ ਆਉਂਦਾ ਹੈ। ਪਿਛੋਕੜ ਤੋਂ ਗੀਤ ਦੀ ਧੁਨੀ ਉੱਭਰਦੀ ਹੈ।]

ਸਾਡਾ ਵੱਸਦਾ ਰਹੇ ਘਰ ਬਾਰ
ਸਾਡਾ ਵੱਸਦਾ ਰਹੇ ਘਰ ਬਾਰ
ਸਾਡਾ ਬਣਿਆ ਰਹੇ ਪਿਆਰ
ਸਾਡਾ ਬਣਿਆ ਰਹੇ ਪਿਆਰ
ਨਜ਼ਰ ਕੋਈ ਲੱਗੇ ਨਾ......
ਨਜ਼ਰ ਕੋਈ ਲੱਗੇ ਨਾ......

[ਗੀਤ ਦੇ ਚਲਦਿਆਂ ਹੀ ਸੱਜੇ ਘਰੋਂ ਕਰਤਾਰੀ ਗੁੱਸੇ 'ਚ ਨਿਕਲਦੀ ਹੈ ਤੇ ਆਉਂਦਿਆਂ ਹੀ ਬਜ਼ੁਰਗ ਵਾਲ਼ੇ ਪਾਸੇ ਘੁੰਡ ਦਾ ਪੱਲਾ ਕਰਕੇ]

ਕਰਤਾਰੀ : ਲੈ ਦੇਖ ਲੈ ਬਾਪੂ ਜੀ, ਹੁਣ ਮੇਰਾ ਕਸੂਰ ਨਾ ਕੱਢੀਂ। ਕੱਲ੍ਹ ਮੇਰੀ ਕਣਕ ਸੁੱਕਣੀ ਪਾਈ ਬੀ ਸੀ। ਈਹਨੇ ਏਹੀ ਜੀ ਨਜ਼ਰ

ਲਾਈ ਬਈ ਮਣ ਪੱਕੀ ਕਣਕ 'ਚੋਂ ਮਸਾਂ ਦਸ ਸੇਰ ਆਟਾ ਨਿਕਲਿਆ।

[ਦੂਜੇ ਪਾਸਿਉਂ ਸੰਤੀ ਆਉਂਦੀ ਹੈ, ਲਗਦੈ ਉਹ ਬੂਹੇ 'ਚ ਖੜ੍ਹੀ ਗੱਲ ਸੁਣ ਰਹੀ ਸੀ। ਬਜ਼ੁਰਗ ਵਾਲੇ ਪਾਸਿਓਂ ਘੁੰਡ ਕੱਢ ਕੇ]

ਸੰਤੀ : ਹੇਖਾਂ, ਗੱਲਾਂ ਆਉਂਦੀਆਂ ਇਹਨੂੰ ਵੱਡੀ ਸਰਦਾਰਨੀ ਨੂੰ। ਅਖੇ ਨਜ਼ਰ ਲਾਈ। ਨੀ ਕੱਲ੍ਹ ਤੂੰ ਕੀ ਕੌੜ ਮਹਿੰ ਵਾਂਗ ਝਾਕਦੀ ਸੀ, ਜਦ ਮੈਂ ਬਾੜੇ 'ਚੋਂ ਧਾਰ ਚੋ ਕੇ ਆਈ ਸੀ। ਮਖਾਂ, ਬਾਪੂ ਜੀ। ਭਰੀ ਬਾਲਟੀ ਦੁੱਧ ਦੀ। ਬਿੱਲੀ ਮੂੰਹ ਲਾ ਗੀ। ਇਹਾ ਜਾ ਤੀਰ ਛੱਡਿਆ ਇਹਨੇ ਵੱਡੀ ਰਕਾਨ ਨੇ। ਅਖੇ....ਤੁਮ ਤੋ ਕਿਸੀ ਦੀ ਤਰਫ਼ ਦੇਖਤੇ ਨੀ! ਚਲਿੱਤਰੋ!

ਕਰਤਾਰੀ : ਮੂੰਹ ਸੰਭਾਲ ਕੇ ਗੱਲ ਕਰ ਨੀ! ਆਹ ਬਾਪੂ ਜੀ ਦੀ ਸ਼ਰਮ ਖਾਈ ਜਾਂਦੀ ਐ। ਨਹੀਂ ਗੁਤਨੀ ਪੁੱਟ ਕੇ ਹੱਥ 'ਚ ਫੜਾ ਦਿਆਂ।

ਸੰਤੀ : ਮੈਂ ਬੀ ਤੋੜ ਦੇ ਦੂੰ ਅੱਖਾਂ 'ਚ, ਵੱਡੀ ਥਾਣੇਦਾਰਨੀ ਚੁਧਰਾਣੀ ਬਣੀ ਫਿਰਦੀ ਐ ਅਖੇ, 'ਕਿਆ ਪਿੱਦੀ.....ਅਰ ਕਿਆ ਪਿੱਦੀ ਕਾ ਸ਼ੋਰਬਾ'।

ਕਰਤਾਰੀ : ਨੀ ਮੈਂ ਦੱਸਾਂ ਤੈਨੂੰ.......

[ਸੰਤੀ ਵੱਲ ਅਹੁਲਣ ਲੱਗਦੀ ਹੈ ਕਿ ਬਜ਼ੁਰਗ ਜਿਹੜਾ ਹੁਣ ਤੱਕ ਅਸਹਾਯ ਮੁਦਰਾ ਵਿੱਚ ਖੜ੍ਹਾ ਸੀ, ਅਚਾਨਕ ਭੜਕ ਉੱਠਦਾ ਹੈ।]

ਬਜ਼ੁਰਗ : ਓ ਸ਼ਰਮ ਨੀ ਆਉਂਦੀ ਥੋਨੂੰ! ਆਹ ਧੌਲੀ ਦਾੜ੍ਹੀ ਦੀ ਲਿਹਾਜ਼ ਕਰੋ। ਜਾਓ, ਆਪਣੇ ਆਪਣੇ ਕੰਮ ਕਰੋ।

[ਦੋਵੇਂ ਇੱਕ-ਦੂਜੀ ਵੱਲ ਕੌੜ-ਕੌੜ ਝਾਕਦੀਆਂ ਅੰਦਰ ਜਾਂਦੀਆਂ ਹਨ। ਬਜ਼ੁਰਗ ਉਦਾਸ ਮੁਦਰਾ ਵਿੱਚ ਹੌਲੀ-ਹੌਲ਼ੀ ਤੁਰਦਾ ਆਪਣੇ ਢਾਰੇ ਵੱਲ ਜਾਂਦਾ ਹੈ ਤੇ ਪਿੱਛਿਓਂ ਗੀਤ ਦੇ ਬੋਲ ਉੱਭਰਦੇ ਹਨ। ਸਾਡਾ ਵੱਸਦਾ ਰਹੇ ਘਰ-ਬਾਰ......]

*ਫ਼ੇਡ ਆਊਟ*

## ਦ੍ਰਿਸ਼ ਤੀਜਾ

*ਫ਼ੇਡ ਇਨ*

[ਪ੍ਰਭਾਤ ਵੇਲ਼ਾ। ਚਿੜੀਆਂ ਦੇ ਚੂਕਣ ਦੀ ਅਵਾਜ਼। ਪਿਛੋਕੜ ਤੋਂ ਬਲ਼ਦਾਂ ਦੇ

ਪਾਲੀਆਂ ਦੇ ਬੋਲਾਂ ਦੀ, ਬਲਦਾਂ ਦੀਆਂ ਟੱਲੀਆਂ, ਟ੍ਰੈਕੱਟਰਾਂ ਦੇ ਚੱਲਣ ਆਦਿ ਦੀਆਂ ਅਵਾਜ਼ਾਂ ਆਉਂਦੀਆਂ ਹਨ। ਬਜ਼ੁਰਗ ਦੇ ਢਾਰੇ ਵਿੱਚੋਂ ਹੌਲ਼ੀ-ਹੌਲ਼ੀ ਪਾਠ ਦੀ ਅਵਾਜ਼ ਆ ਰਹੀ ਹੈ। ਸੱਜਣ ਤੇ ਸੁੰਦਰ ਦੋਵੇਂ ਆਪਣੇ-ਆਪਣੇ ਘਰ ਦੇ ਚੌਂਕੇ ਵਿੱਚ ਬੈਠੇ ਰੋਟੀ ਖਾ ਰਹੇ ਹਨ। ਮੰਚ 'ਤੇ ਦੋਵੇਂ ਪਾਸੇ ਇੱਕੋ ਵੇਲ਼ੇ ਇੱਕੋ-ਜਿਹਾ ਕਾਰਜ ਚੱਲ ਰਿਹਾ ਹੈ। ਭਾਵ ਕਰਤਾਰੀ ਤੇ ਸੰਤੀ ਆਪਣੇ-ਆਪਣੇ ਘਰ ਵਾਲ਼ਿਆਂ ਨੂੰ ਰੋਟੀ ਖਵਾ ਰਹੀਆਂ ਹਨ। ਦੋਵੇਂ ਪਾਸੇ ਵਾਰਤਾਲਾਪ ਇੱਕਠੀ ਚੱਲ ਰਹੀ ਹੈ ]

**ਇੱਕ ਪਾਸੇ** :

ਕਰਤਾਰੀ : ਸੁਣਦੈਂ ਦੀਪ ਦੇ ਬਾਪੂ ! (ਕੌਲੀ ਵਿੱਚ ਸਬਜ਼ੀ ਹੋਰ ਪਾਉਂਦੀ ਹੋਈ) ਕੱਲ੍ਹ ਫੇਰ ਏਹਨੇ ਆਢਾ ਲਾ ਲਿਆ। ਨਾ ਅੱਗਾ ਵੇਖੇ, ਨਾ ਪਿੱਛਾ। ਮੈਂ ਤਾਂ ਅੱਕੀ ਪਈ ਆਂ, ਇਸ ਰੋਜ਼-ਰੋਜ਼ ਦੇ ਕਲ਼ੇਸ ਤੋਂ।

ਸੱਜਣ : ਤੂੰ ਕਿਸੇ ਵੇਲ਼ੇ ਤਾਂ ਰਮਾਨ ਨਾਲ਼ ਬਹਿ ਲਿਆ ਕਰ। ਹੁਣ ਪ੍ਰਭਾਤ ਵੇਲ਼ੇ ਈ ਇਹ ਰਾਮ-ਕਹਾਣੀ ਛੇੜ ਬੈਠੀ।

ਕਰਤਾਰੀ : ਤੈਨੂੰ ਲੱਗਦੀ ਐ ਰਾਮ ਕਹਾਣੀ। ਏਥੇ ਜਿਹੜੀ ਰੋਜ਼ ਰਾਵਣ-ਲੀਲਾ ਹੁੰਦੀ ਐ, ਉਹਦਾ ਵੀ ਪਤੈ। ਸਾਰਾ ਦਿਨ ਸੂਈ ਕੁੱਤੀ ਆਂਗੂੰ ਕੁਰਲ਼-ਕੁਰਲ਼ ਕਰਦੀ ਫਿਰਦੀ ਐ, ਤੇਰੀ ਇਹ ਵੱਡੀ ਹੇਜਲੀ ਭਰਜਾਈ।

ਸੱਜਣ : ਓ, ਤੂੰ ਕਿਸੇ ਨਾਲ਼ੋਂ ਘੱਟ ਐਂ ! ਮੈਂ ਜਾਣਦਾ ਨੀਂ। ਤੁਸੀਂ ਦੋਏ ਟੋਆ ਪੁੱਟ ਕੇ ਦੱਬਣ ਆਲ਼ੀਆਂ ਓ। ਅਖੇ ਜੀ ਸਕੀਆਂ ਭੈਣਾਂ ਘਰ 'ਚ ਲੈ ਆਉ। ਇਹ ਸਕੀਆਂ ਸੌਂਕਣਾਂ ਨੂੰ ਟੱਪੀਆਂ ਫਿਰਦੀਐਂ।

**ਦੂਜੇ ਪਾਸੇ**:

ਸੰਤੀ : (ਕੌਲੀ 'ਚ ਘਿਓ ਪਾਉਂਦੀ ਹੋਈ) ਲੈ ਫੇਰ ਨਾ ਕਹੀਂ ਰੱਬ ਦੇ ਬੰਦਿਆਂ, ਬਈ ਪਹਿਲਾਂ ਨੀ ਸੀ ਦੱਸਿਆ। ਮੈਂ ਤਾਂ ਉਹਦਾ ਕੁੱਟ-ਕੁੱਟ ਕੇ ਉਹ ਹਾਲ ਕਰਦੂੰ ਬਈ ਪੁਸ਼ਤਾਂ ਤੱਕ ਯਾਦ ਰੱਖੂ। ਬਈ 'ਸੰਤੀ ਸੇ ਬਾਸਤਾ ਪੜਾ ਥਾ।'

ਸੁੰਦਰ : ਫੇਰ ਸ਼ੁਰੂ ਐ ਕਿੱਸਾ ਜੰਗ ਹਿੰਦ-ਪੰਜਾਬ ਦਾ। ਮਖਾਂ ਦੋ ਘੜੀ ਰਮਾਨ ਨਾਲ਼ ਵੀ ਬਹਿ ਲਿਆ ਕਰੋ। ਤੁਸੀਂ ਕਿਹੜੀ ਲੰਕਾ ਵੰਡਣੀ ਐ, ਬਈ ਸਾਰਾ ਦਿਨ ਰਾਤ.....ਹੂ.....ਰਾਤ ਹੂ ਕਰਦੀਆਂ ਰਹਿਨੀਐਂ।

ਸੰਤੀ : ਨਾ ਅਜੇ ਕਸਰ ਐ ! ਦੁੱਧ-ਪੁੱਤ ਨੂੰ ਦੇਖ ਉਹ ਨੀ ਸੁਖਾਉਂਦੀ। ਸਾਰਾ ਦਿਨ ਕੌੜ-ਕੌੜ ਅੱਡ ਝਾਕਦੀ ਰਹੂ। ਆਹ ਬਾਪੂ ਜੀ

ਦੀ ਸ਼ਰਮ ਮਾਰਗੀ ਨਹੀਂ ਗੁਤਨੀ ਕਿਹੜਾ ਨਾ ਕੱਲ੍ਹ ਹੱਥ ਫੜਾਉਂਦੀ।

ਸੁੰਦਰ : ਕੋਈ ਅਕਲ ਦੀ ਗੱਲ ਕਰੋ। ਕਿਉਂ ਸਾਰੇ ਪਿੰਡ ਨੂੰ ਬਦਨਾਮੀ ਖੱਟਣ ਆਲ਼ਾ ਕੰਮ ਕਰਦੀਓਂ। ਇਸ ਘਰ 'ਚੋਂ ਕਦੇ ਉੱਚੀ ਅਵਾਜ਼ ਨੀ ਸੀ ਨਿਕਲ਼ੀ। ਲੋਕਾਂ ਨੇ ਸਾਡੀ ਅੱਲ 'ਚੁਪਕਿਆਂ ਕੇ' ਪਾਈ ਹੋਈ ਸੀ। ਹੁਣ ਮੈਨੂੰ ਲਗਦੈ 'ਬੋਲ-ਬੁਲਾਰਿਆਂ' ਕੇ ਪਾਉਣਗੇ।

ਸੰਤੀ : ਨਾ ਮੇਰਾ 'ਕੱਲੀ ਦਾ ਮਾਮਦੋਸ ਐ, ਉਹਨੂੰ ਨੀ ਸਮਝਾ ਹੁੰਦਾ, ਤੇਰੀ 'ਮਾਤਾ ਸਮਾਨ ਬੱਡੀ ਭਰਜਾਈ ਕੋ'। ਜਿਹੜੀ ਨਾ ਅੱਗਾ ਦੇਖੇ ਨਾ ਪਿੱਛਾ। ਮਾਰ ਚਕਦੂੰ-ਚਕਦੂੰ ਕਰਦੀ ਰਹਿੰਦੀਐ ਹਰ ਵੇਲ਼ੇ।

ਸੁੰਦਰ : ਓ ਮੈਂ ਤਾਂ ਕਹਿਨੈ ਦੋਵੇਂ ਜਾਣੀਆਂ ਪਿਆਰ ਨਾਲ਼ ਰਹੋ। ਜੱਗ-ਹਸਾਈ ਨੀਂ ਕਰਾਈਦੀ।

: **ਪਹਿਲੇ ਪਾਸੇ**

ਸੱਜਣ : ਹੁਣ ਗੱਲ ਮੇਰੀ ਪੱਲੇ ਬੰਨ੍ਹ ਲੇ। ਘਰ ਦਾ 'ਤਫ਼ਾਕ ਬਣਾਈ ਰੱਖੋ। ਦੱਬ-ਘੁੱਟ ਕੇ ਗੁਜ਼ਾਰਾ ਕਰੋ।

: **ਦੂਜੇ ਪਾਸੇ**

ਸੁੰਦਰ : ਹੁਣ ਬਾਰ-ਬਾਰ ਨਾ ਕਹਿਣਾ ਪਵੇ। ਸਮਝੀ! ਮੈਂ ਚੱਲਿਆਂ ਖੇਤ। ਰੋਟੀ ਲੈ ਕੇ ਆ ਜੀਂ।

ਸੱਜਣ : ਚੰਗਾ, ਸਮਝ ਗਈ ਨਾ, ਹੁਣ ਦੁਬਾਰਾ ਨਾ ਇਹ ਗੱਲ ਹੋਵੇ। ਰੋਟੀ ਸਵਖ਼ਤੇ ਪੁਚਾ ਦੀਂ। ਕਿਤੇ ਇੱਥੇ ਫੇਰ ਅਸੰਬਲੀ ਲਾ ਕੇ ਬਹਿ ਜੇਂ।

[ਦੋਵੇਂ ਪਾਸੇ ਦੋਵੇਂ ਭਰਾ ਕਹੀ ਆਦਿ ਚੁੱਕ ਕੇ ਜਾਂਦੇ ਹਨ ਤੇ ਦੋਵੇਂ ਦੱਬੀਆਂ-ਘੁੱਟੀਆਂ ਜਿਹੀਆਂ ਉਹਨਾਂ ਨੂੰ ਤੋਰਦੀਆਂ ਹਨ। ਅਚਾਨਕ ਦੋਂਹਾਂ ਦੀ ਨਜ਼ਰ ਮਿਲਦੀ ਹੈ ਤੇ ਸਟਿੱਲ ਹੁੰਦੀਆਂ ਹਨ।]

(ਫ਼ੇਡ ਆਊਟ)

## ਦ੍ਰਿਸ਼ ਚੌਥਾ

## (ਫ਼ੇਡ ਇਨ)

[ਉਹੀ ਦਿਨ। ਚੜ੍ਹਦੇ ਸੂਰਜ ਦੀ ਧੁੱਪ। ਸੁੰਦਰ ਦੇ ਘਰੋਂ ਸਾਈਕਲ ਦੀ ਟੱਲੀ ਦੀ ਅਵਾਜ਼ ਤੇ ਨਾਲ਼ ਹੀ ਜਿੰਦਾ ਅੰਦਰੋਂ ਬੋਲਦਾ ਹੈ।]

ਜਿੰਦਾ : ਓ ਦੀਪਿਆ ਘੜੀਪਿਆ, ਹੋਇਆ ਤਿਆਰ ਕਿ ਹਾਲੇ ਪਟੇ ਈ ਸੁਆਰੀ ਜਾਨੈਂ।

ਦੀਪਾ : (ਹੱਥ ਵਿੱਚ ਕਿਤਾਬ ਲਈ ਅੰਦਰੋਂ ਆਉਂਦਾ ਹੋਇਆ) ਕੰਜਰ ਦਿਆ, ਆਪ ਅਜੇ ਅੰਦਰੇ ਈ ਐਂ। ਮੈਨੂੰ ਹੋਕਰੇ ਮਾਰੀ ਜਾਨੈਂ।

ਜਿੰਦਾ : (ਬਾਹਰ ਆਉਂਦਾ ਹੋਇਆ) ਹਮ ਤੋ ਜਾਨੀ ਤਿਆਰ ਬਰ ਤਿਆਰ ਹੈਂ। ਜ਼ਰਾ ਪੱਗ ਨੀ ਸੀ ਸੂਤ ਆਉਂਦੀ। ਬੱਸ ਹੁਣ ਕੰਮ ਟਿਚਨ ਐ।

ਦੀਪਾ : (ਲਾ ਕੇ) ਸਾਲਿਆ ਕੌਲਜ ਜਾਨੈ ਕਿ ਘੋੜੀ ਚੜ੍ਹਨੈ। ਮਖਾਂ ਬੜੀ ਪੋਚ-ਪੋਚ ਗੁਲਾਬੀ ਚਮਕਾਈ ਐ।

ਜਿੰਦਾ : ਭਾਈ ਸੈਹਬ! ਘੋੜੀ ਵੀ ਚੜ੍ਹੇਂਗੇ। ਹਮ ਕਿਸੀ ਤੋਂ ਘੱਟ ਐਂ? ਕਹਾਵਾ ਮੇਰੇ ਬੇਬੇ ਜੀ ਦਾ 'ਹਮ ਕਿਸੇ ਸੇ ਕਮ ਨਹੀਂ......'

ਦੀਪਾ : (ਵਿੱਚੋਂ ਕੱਟ ਕੇ) ਹੌਲੀ ਬੋਲ ਸਹੁਰਿਆ, ਜੇ ਅੰਦਰੋਂ ਮਾਸੀ ਜਮ੍ਹਾ ਚਾਚੀ ਨੇ ਸੁਣ ਲਿਆ ਤਾਂ ਹੁਣੇ ਜੂੰਡੇ ਪੁੱਟ ਦਿਊ।

ਜਿੰਦਾ : ਮਖਾਂ ਘਬਰਾ ਨਾ ਭੋਰਾ। ਬੇਬੇ ਖੇਤ ਗਈ ਵੀ ਐ।

ਦੀਪਾ : ਹਲਾਂ। ਤਾਂਹੀਂ ਖੇਡਦੀ ਐ ਤੇਰੀ ਕਾਟੋ ਫੁੱਲਾਂ 'ਤੇ। ਮੈਂ ਵੀ ਕਹਾਂ 'ਮਾਂ ਦਾ ਡਾਲਡਾ' ਅੱਜ ਕਿਵੇਂ ਛਿੱਕਲ ਟੁੱਟੇ ਕੱਟੇ ਵਾਂਗ ਰਿੰਗਦੈ।

ਜਿੰਦਾ : ਤੈਨੂੰ ਬੀ, ਕਾਕਾ ਜੀ ਗੱਲਾਂ ਤਾਂਹੀ ਆਂਦੀਆਂ ਹੋਣੀਆਂ ਬਈ ਤਾਈ ਸ੍ਰੀ ਘਰ ਨੀ ਹੋਣੀ।

ਦੀਪਾ : ਆਹੋ, ਆਹੋ! ਹੋਰ ਕੀ? ਉਹ ਵੀ ਖੇਤ ਗਈ ਵੀ ਐ।

ਜਿੰਦਾ : ਅਸ਼ਕੇ! ਲੈ ਫੇਰ ਤਾਂ ਬੁੱਲੇ ਲੁੱਟੀਏ। ਅਜੇ ਕਾਲਜ ਜਾਣ 'ਚ ਹੈਗਾ ਟਾਈਮ। ਚਾਹ-ਚੂਹ ਦੀ ਘੁੱਟ ਹੋਰ ਪੀਈਏ-ਮਜ਼ਾ ਆਊ, 'ਨੋ ਮੈਨਜ਼ ਲੈਂਡ 'ਤੇ ਬਹਿਕੇ ਪੀਣ ਦਾ (ਇਸ਼ਾਰਾ ਬਾਬੇ ਦੇ ਢਾਰੇ ਤੇ ਗੱਡੇ ਦੇ ਪਹੀਏ ਵੱਲ ਕਰਦਾ ਹੈ)

ਦੀਪਾ : ਲੈ ਫੇਰ ਮੈਂ ਚਾਹ ਲਿਆਨਾਂ। ਤੂੰ ਮਾਰ ਆਪਣੇ ਰਾਸ਼ਟਰਪਤੀ ਨੂੰ 'ਵਾਜ। ( ਉਹਦੇ ਵੱਲ ਤੁਰਦਾ ਹੈ)

ਜਿੰਦਾ : (ਜ਼ੋਰ ਨਾਲ) ਮਖਾਂ ਬਾਬਾ ਜੀ, ਆਜੋ ਬਾਹਰ। ਫ਼ੌਜਾਂ 'ਸ਼ਿਵਰਾਂ ਮੇਂ' ਗਈ ਹੋਈ ਐਂ। ਮੈਦਾਨੇ-ਜੰਗ ਸ਼ਾਂਤ ਐ।

ਬਜ਼ੁਰਗ : (ਅੰਦਰੋਂ ਆਉਂਦਾ ਹੋਇਆ) ਪੁੱਤ ਜਿੰਦੇ, ਕੀ ਗੱਲ ਐ?

ਦੀਪਾ : (ਪਿੱਤਲ ਦੇ ਗਲਾਸਾਂ 'ਚ ਚਾਹ ਲਿਆਉਂਦਾ ਹੋਇਆ) ਬਾਬਾ ਜੀ, ਆਜੋ ਘੁੱਟ-ਘੁੱਟ ਚਾਹ ਪੀਈਏ ਥੋੜੇ ਤਕੀਏ 'ਤੇ ਬਹਿ ਕੇ।

ਬਜ਼ੁਰਗ : ਕੀ ਗੱਲ, ਥੋਡੀਆਂ ਦੋਹਾਂ ਦੀਆਂ ਮਾਂਵਾਂ ਘਰ ਨੀ ?

ਜਿੰਦਾ : ਥੋਨੂੰ ਪਤਾ ਈ ਐ, ਬਾਬਾ ਜੀ! ਉਹਨਾਂ ਦੇ ਹੁੰਦਿਆਂ ਕਦੇ ਸਾਹ ਨਿਕਲਦੈ। ਅਜੇ ਮੈਂ ਤਾਂ ਹਿੰਮਤ ਕਰਕੇ ਬਾਜ ਮਾਰ ਵੀ ਲਊਂ। ਆਹ ਬਾਜਾ ਤਾਂ ਜਮ੍ਹਾਂ ਉੱਖਲੀ 'ਚ ਸਿਰ ਦਿੱਤੇ ਬਾਂਗੂੰ ਰਹੂ ਸਦਾ।

ਦੀਪਾ : ਓ-ਓ ਰਹਿਣ ਦੇ, ਵੱਡਿਆਂ ਭਲਵਾਨਾ! ਗੱਲਾਂ ਆਉਦੀਆਂ ਇਹਨੂੰ ਥੱਡੇ ਜੇਠਮਲਾਨੀ ਨੂੰ। ਤੂੰ ਚਾਹ ਪੀ ਲੈ ਘੁੱਟ।
[ਤਿੰਨੇ ਗੱਡੇ ਦੇ ਪਹੀਏ 'ਤੇ ਬਹਿਕੇ ਚਾਹ ਪੀਣ ਲਗਦੇ ਨੇ। ਬਾਬੇ ਨਾਲ ਝੇਡਾਂ ਕਰਦੇ ਨੇ। ਗੱਲਾਂ ਮਾਰਦੇ ਨੇ। ਹੱਸਦੇ ਹਨ ਕਿ ਅਚਾਨਕ ਇੱਕ ਪਾਸਿਓਂ ਕਰਤਾਰੀ ਤੇ ਦੂਜੇ ਪਾਸਿਓਂ ਸੰਤੀ ਆਉਂਦੀ ਹੈ]

ਸੰਤੀ : (ਕੱਬੀ ਅਵਾਜ਼ 'ਚ) ਬੇ ਜਿੰਦਿਆ, ਹਾਲੇ ਇੱਥੇ ਚਾਹਾਂ ਈ ਡੱਫ ਹੁੰਦੀਐਂ? ਉੱਥੇ ਕਾਲਜ ਆਥਣ ਨੂੰ ਪਹੁੰਚਣੈ?

ਕਰਤਾਰੀ : (ਹੋਰ ਕੌੜੀ ਅਵਾਜ਼ 'ਚ) ਦੀਪਿਆ ! ਕਵੇਲਾ ਐਥੇ ਹੀ ਕਰ ਲਿਆ। ਮੈਂ ਸੋਚੀ ਜਾਨੀ ਐਂ ਤੂੰ ਸ਼ਹਿਰ ਟੱਪ ਗਿਆ ਹੋਵੇਂਗਾ। ਹਾਲੇ ਘਰ 'ਚ ਈ ਗਿੱਧਾ ਪਾਈ ਜਾਨੈਂ।

ਦੋਵੇਂ : (ਇਕੱਠੇ ਹੀ) ਬੱਸ, ਬੇਬੇ ਜਾਨੇ ਆਂ।
[ਦੋਵੇਂ ਇੱਕ-ਦੂਜੇ ਵੱਲ ਮੁਸਕੜੀਆਂ ਹੱਸਦੇ ਆਪਣੇ ਘਰ 'ਚੋਂ ਜਾਂਦੇ ਹਨ। ਅੰਦਰੋਂ ਸਾਈਕਲ ਦੇ ਚੱਲਣ ਤੇ ਘੰਟੀਆਂ ਮਾਰਨ ਦੀ ਅਵਾਜ਼ ਆਉਂਦੀ ਹੈ। ਬਜ਼ੁਰਗ ਦੋਂਹਾਂ ਵੱਲ ਵੇਖਦਾ ਹੌਲੀ-ਹੌਲੀ ਚਾਹ ਦੇ ਸੜ੍ਹਾਕੇ ਮਾਰਦਾ ਹੈ ਤੇ ਦੋਵੇਂ ਇੱਕ-ਦੂਜੇ ਵੱਲ ਝਾਕਦੀਆਂ ਸਟਿੱਲ ਹੁੰਦੀਆਂ ਹਨ।]
*(ਫ਼ੇਡ ਆਊਟ)*

## ਦ੍ਰਿਸ਼ ਪੰਜਵਾਂ
## (ਫ਼ੇਡ ਇਨ)

[ਵੇਲਾ ਦੁਪਹਿਰ ਦਾ। ਕਰਤਾਰੀ ਭਾਂਡੇ ਮਾਂਜ ਰਹੀ ਹੈ ਤੇ ਨਾਲੇ ਆਪਣੇ ਆਪ ਨਾਲ ਗੱਲਾਂ ਕਰ ਰਹੀ ਹੈ। ਲਗਦੈ ਕਿਸੇ ਗੱਲੋਂ ਤਪੀ ਹੋਈ ਐ।]

ਕਰਤਾਰੀ : ਬੁਰਾ ਹਾਲ ਐ। ਅਖੇ ਮੈਂ ਨੀ ਕਿਸੇ ਦੀ ਧੌਂਸ ਸਹਿੰਦੀ ਜਿਵੇਂ ਮੈਂ ਉਹਦੀ ਧੌਂਸ ਸਹਿ ਲੂੰ। ਇੱਕ ਆਹ ਖ਼ਸਮ ਨੀ ਕੰਮ ਦਾ।

ਕੋਈ ਗੱਲ ਕਹੋ ਇਹਦੇ ਕੰਨ 'ਤੇ ਜੂੰ ਨੀ ਸਰਕਦੀ। ਅਖੇ ਦੱਬ-ਘੁੱਟ ਕੇ ਗੁਜ਼ਾਰਾ ਕਰ ਲਓ। ਨਾ ! ਕਿਸੇ ਤੋਂ ਕੁਛ ਲੈ ਕੇ ਖਾਂਦੇ ਆਂ? ਮੈਂ ਕਰੂੰ ਇਹਦੀ ਹਮਕੋ-ਤੁਮਕੋ ਬੰਦ।

ਸੰਤੀ : (ਅੰਦਰੋਂ ਸੁਣਕੇ ਬਾਹਰ ਆਉਂਦੀ ਹੋਈ) ਨੀ ਕੀਹਦੀ, ਕਰੇਂਗੀ ਹਮਕੋ-ਤੁਮਕੋ ਬੰਦ? ਮੈਂ ਵੀ ਤੋੜ ਦੇਦੂੰ ਅੱਖਾਂ 'ਚ। ਮੈਂ ਕਹਿੰਨੀ ਆਂ ਕੀ ਕਹਿਣੈ, ਕੀ ਕਹਿਣੈ, ਤੂੰ ਵੱਡੀ ਹੋਵੇਂਗੀ ਤਾਂ ਆਪਣੇ ਘਰੇ, ਮੇਰੇ ਨਾਲ਼ ਆਢਾ ਨਾ ਲਾਈਂ। ਫੇਰ ਨਾ ਕਹੀਂ, 'ਮੇਰੀ ਤੋ ਬਿਜ਼ਤੀ ਖਰਾਬ ਕਰ ਤੀ'।

ਕਰਤਾਰੀ : ਨੀ ਮੈਂ ਤੈਨੂੰ ਕੁਛ ਕਿਹੈ। ਆਪਣੇ ਘਰ ਬੈਠੀ ਜੋ ਚਾਹਾਂ ਕਰਾਂ-ਜੋ ਜੀ ਕਰੇ ਬੋਲਾਂ। ਤੈਨੂੰ ਮੈਂ ਸੱਦਣ ਲਈ ਗਈ ਆਂ? ਐਵੇਂ ਟਾਹਰਾਂ ਮਾਰਨ ਲੱਗੀ ਐਂ। ਕੰਮ ਨਾ ਕਾਰ। ਕਦੇ ਐਸ ਕੋਲ਼ੇ ਲੱਗ ਗੀ ਕਦੇ ਔਸ ਕੋਲ਼ੇ ਲੱਗ ਗੀ। ਸਾਰਾ ਦਿਨ ਲੋਕਾਂ ਦੀਆਂ ਗੱਲਾਂ ਦੀ ਸੁੰਘ-ਸੁੰਘਾਈ ਤੋਂ ਬਿਨਾਂ ਕੋਈ ਹੋਰ ਕੰਮ ਹੈ? ਇੱਕ ਉਹ ਮਾਊਂ ਜਹੇ ਤੋਂ ਨੀ ਰੋਕ ਹੁੰਦਾ ਏਹਨੂੰ।

ਸੰਤੀ : ਜ਼ਬਾਨ ਸੰਭਾਲ ਕੇ ਗੱਲ ਕਰ ਨੀ ਵੱਡੀਏ ਰਕਾਨੇ। ਮੈਂ ਕਹਿੰਨੀ ਆਂ ਚਲੋ ਹੋਈ ਸੋ ਹੋਈ, ਹੁਣ ਰਹਿਣ ਦਿਆਂ, ਰਹਿਣ ਦਿਆਂ। ਤੂੰ ਸਿਰ 'ਤੇ ਚੜ੍ਹੀ ਆਉਂਨੀ ਐਂ।

[ਕਰਤਾਰੀ ਵੱਲ ਨੂੰ ਆਉਂਦੀ ਹੈ ਉੱਧਰੋਂ ਕਰਤਾਰੀ ਉੱਠਦੀ ਐ। ਮਿੱਡ-ਸਟੇਜ 'ਤੇ ਆ ਕੇ ਇੱਕ-ਦੂਜੀ ਵੱਲ ਬਾਂਹਾਂ ਉਲਾਰਦੀਆਂ ਲੜਦੀਆਂ ਹਨ।]

ਕਰਤਾਰੀ : ਨੀ ਮੂੰਹ ਸੰਭਾਲ ਕੇ ਗੱਲ ਕਰੀਂ! ਆਪਣੀ ਇੱਜ਼ਤ ਆਪਣੇ ਹੱਥ ਹੁੰਦੀ ਐ।

ਸੰਤੀ : ਨੀ ਇਹ ਗੱਲ ਤੂੰ ਵੀ ਬਚਾਰ ਲੈ।

ਕਰਤਾਰੀ : ਨੀ ਤੂੰ ਆਪਣੀ ਚਮੜੀ 'ਚ ਰਹਿ।

ਸੰਤੀ : ਤੂੰ ਆਪਣਾ ਅੱਗਾ ਬਚਾਰ, ਫੇਰ ਨਾ ਕਹੀਂ ਬਈ.....।

[ਗੱਲ ਅਜੇ ਵਿੱਚੇ ਐ ਕਿ ਅੰਦਰੋਂ ਸੁੰਦਰ ਜਿਹੜਾ ਥੋੜ੍ਹਾ ਨਰਮ ਸੁਭਾਅ ਦਾ ਹੈ ਆਉਂਦਾ ਹੈ।]

ਸੁੰਦਰ : (ਸੰਤੀ ਨੂੰ)ਤੂੰ ਫੇਰ ਕੰਜਰਖ਼ਾਨਾ ਸ਼ੁਰੂ ਕਰ ਲਿਆ। ਤੈਨੂੰ ਸੌ ਬੇਰਾਂ ਕਿਹੈ ਬਈ ਬੜੇ-ਛੋਟੇ ਦਾ ਲਿਹਾਜ ਕਰ ਲਿਆ ਕਰ।

ਸੰਤੀ : ਨਾ, ਮੈਂ ਹੀ ਆਂ ਸਮਝਾਉਣ ਨੂੰ। ਇਹਨੂੰ ਕੋਈ ਨੀ ਅਕਲ ਦੇਣ ਵਾਲ਼ਾ?

[ਅਚਾਨਕ ਬਾਹਰੋਂ ਕਹੀ ਚੁੱਕੀ ਸੱਜਣ ਆਉਂਦਾ ਹੈ। ਸੰਤੀ ਦੇ ਬੋਲ ਓਹਦੇ ਕੰਨੀਂ ਪੈਂਦੇ ਹਨ। ਸੰਤੀ ਵੇਖਦਿਆਂ ਪੱਲਾ ਕਰ ਲੈਂਦੀ ਹੈ।]

ਸੱਜਣ : ਹੈਗੇ ਅਕਲ ਦੇਣ ਆਲ਼ੇ। ਥੋਨੂੰ ਸਾਰਿਆ ਨੂੰ ਅਕਲ ਦੇਣ ਆਲ਼ੀ ਐ। ਮੈਂ ਕਹਿਨੈਂ ਚਲੋ ਛੱਡੋ, ਚਲੋ ਛੱਡੋ। ਪਰ ਥੋਡੇ ਕੰਨਾਂ 'ਤੇ ਜੂੰ ਨੀ ਸਰਕਦੀ (ਅਚਾਨਕ ਕਰਤਾਰੀ ਵੱਲ) ਤੂੰ ਮੈਥੋਂ ਹੁਣ ਟੰਬੇ ਖਾ ਕੇ ਈ ਹਟੇਂਗੀ। ਮੇਰਾ ਇੱਕ ਵਾਰ ਕਿਹਾ, ਸਮਝਾਇਆ ਨੀ ਮੰਨੀਦਾ ਥੋਤੋਂ। [ਜਿਵੇਂ ਦੋਂਹਾਂ ਨੂੰ ਕਹਿ ਰਿਹਾ ਹੋਵੇ]

ਕਰਤਾਰੀ : (ਥੋੜ੍ਹਾ ਜਰ ਕੇ) ਨਾ ਜੀ, ਮੈਂ ਹੁਣ ਕੀ ਕਿਹੈ ? ਮੈਂ ਤਾਂ ਆਪਣੇ ਘਰ ਬੈਠੀ ਆਪਣੇ-ਆਪ ਨਾਲ਼ ਈ ਗੱਲਾਂ ਕਰਦੀ ਸੀ। ਇਹਨੇ ਕੌਲ਼ੇ ਸੁੰਘਦੀ ਨੇ ਲਾ ਲਿਆ ਆਢਾ।

ਸੰਤੀ : (ਇਕਦਮ ਬੋਲਣ ਲੱਗਦੀ ਐ) ਨਾ ਮੈਂ ਲਾ ਲਿਆ ਆਢਾ ਕਿ ਤੂੰ.........? [ਅਚਾਨਕ ਸੱਜਣ ਉਹਨੂੰ ਵਿੱਚੋਂ ਕੱਟ ਕੇ]

ਸੱਜਣ : ਗੱਲ ਸੁਣ ਲੋ ਮੇਰੀ ਕੰਨ ਖੋਲ੍ਹ ਕੇ। ਤੁਸੀਂ ਦੋਏ ਤੀਮੀਂ-ਖ਼ਸਮ ਤੇ ਨਾਲ਼ੇ ਤੂੰ, ਕਰਤਾਰੀਏ! ਘਰ ਕਰਤੇ ਅੱਡ। ਜ਼ਮੀਨ ਦਿੱਤੀ ਵੰਡ। ਬਾਪੂ ਨੇ ਗੱਲ ਸਾਰੀ ਨਬੇੜੀ ਪਈ ਐ। ਆਪਣੇ-ਆਪਣੇ ਘਰ ਰਹੋ ਬੰਦਿਆਂ ਆਂਗੂੰ ਸਾਰੇ, ਨਹੀਂ ਫੇਰ ਜੇ ਮੈਨੂੰ ਚੜ੍ਹ ਗਿਆ ਨਾ ਰੌਣ, ਅਜਿਹੀ ਕਰੂੰ ਸਾਰਿਆਂ ਨਾਲ਼ ਬਈ ਅਗਲਾ-ਪਿਛਲਾ ਝਾਕੋਂਗੇ। ਸਮਝੇ!

[ਏਨੀ ਜ਼ੋਰ ਨਾਲ 'ਸਮਝੇ' ਕਹਿੰਦਾ ਹੈ ਕਿ ਬਾਕੀ ਸਾਰੇ ਤ੍ਰਭਕ ਕੇ ਆਪਣੇ-ਆਪਣੇ ਘਰ ਨੂੰ ਤੁਰ ਪੈਂਦੇ ਹਨ]

*(ਫ਼ੇਡ ਆਊਟ)*

## ਦ੍ਰਿਸ਼ ਛੇਵਾਂ

## (ਫ਼ੇਡ ਇਨ)

[ਗੱਡੇ ਦੇ ਪਹੀਏ 'ਤੇ ਬਜ਼ੁਰਗ ਤੇ ਦੋਵੇਂ ਮੁੰਡੇ ਭਾਵ ਦੀਪਾ ਤੇ ਜਿੰਦਾ ਬੈਠੇ ਹਨ ਤੇ ਗੰਭੀਰ ਗੱਲਾਂ-ਬਾਤਾਂ ਕਰ ਰਹੇ ਜਾਪਦੇ ਹਨ।]

ਦੀਪਾ : ਨਾ, ਬਾਬਾ ਜੀ! ਹੁਣ ਕਰੀਏ ਕੀ? ਚਾਰੇ ਪਾਸੇ ਅੱਗ ਮੱਚਦੀ ਐ। ਸਾਹ ਕਿਤੋਂ ਆਉਂਦਾ ਨੀ ਦਿਸਦਾ। ਆਹ ਲੁੱਟ-ਮਾਰ, ਕਤਲ-ਖੋਹ ਤਾਂ ਨਿੱਤ ਦੀ ਗੱਲ ਹੋ ਗਈ। ਜਾਨ ਨੂੰ ਅੱਡ ਸੰਸੇ ਹੋਏ ਪਏ ਐ। ਤੇ ਏਧਰ ਸਾਡੇ ਘਰ ਦੇ ਸਭ ਕਾਸੇ ਤੋਂ ਬੇਖ਼ਬਰ ਆਪਣੇ-ਆਪ 'ਚ ਕੁਸ਼ਤਬਾਜ਼ੀ 'ਚ ਲੱਗੇ ਹੋਏ ਐ।

ਜਿੰਦਾ : ਨਾ, ਹੋਰ ਕੀ! ਆਹ ਨਿੱਤ ਕੰਜਰ-ਕਲੇਸ਼। ਸਾਡੀਆਂ ਮਾਤਾਵਾਂ ਦੀ ਸਮਝ ਨੀ ਆਉਂਦੀ ਬਈ ਸਿਆਣੀਆਂ-ਬਿਆਣੀਆਂ ਨੂੰ ਅਸੀਂ ਸਮਝਾਉਂਦੇ ਬੀ ਕੀ ਚੰਗੇ ਲਗਦੇ ਆਂ ? ਨਾ ਕੋਈ ਗੱਲ, ਨਾ ਬਾਤ.....ਨਿੱਤ ਆਢਾ। ਅਖੇ ਸੂਤ ਨ ਪਤਾਣ ਜੁਲਾਹੇ ਨਾਲ਼ ਠੈਂਗਾ ਠੈਂਗੀ।

ਦੀਪਾ : ਆਹ ਕੱਲ੍ਹ ਫੇਰ ਭੰਗਾਣੀ ਦਾ ਯੁੱਧ ਲੱਗਿਆ ਸੀ, ਕਹਿੰਦੇ ਦਿਨੇਂ ਜਦੋਂ ਅਸੀਂ ਕਾਲਜ ਗਏ ਹੋਏ ਸੀ। ਕਿਉਂ ਜਿੰਦੇ?

ਜਿੰਦਾ : ਆਹੋ, ਮੈਨੂੰ ਬੀ ਲੱਗ ਗਿਆ ਪਤਾ। ਬਾਪੂ ਸਾਡੇ ਆਲ਼ਾ ਬਚਾਰਾ ਨਰਮ ਐ, ਉਹਦੀ ਊਂ ਵਾਹ ਨੀ ਜਾਂਦੀ। ਕਹਿੰਦੇ ਤਾਇਆ ਜੀ ਨੇ ਫੇਰਿਆ ਚੰਗਾ ਰਗੜਾ। ਨਾ, ਤੁਸੀਂ ਬਾਬਾ ਜੀ, ਨੀ ਕੀਤੇ ਸਾਮਰਤੱਖ ਦਰਸ਼ਨ ਮਹਾਂਭਾਰਤ ਦੇ। ਤੁਸੀਂ ਕਿੱਥੇ ਰਹੇ?

ਬਜ਼ੁਰਗ : (ਠਰ੍ਹੰਮੇ ਨਾਲ਼) ਰਹਿਣਾ ਕਿੱਥੇ ਪੁੱਤਰੋ। ਬੱਸ ਇਸੇ ਕੋਠੜੀ 'ਚ ਬੈਠਾ ਸੁਣਦਾ ਰਿਹਾ ਸਾਰਾ ਕੁਝ। ਨਾਲੇ ਮੇਰੀ ਸੁਣੂੰ ਵੀ ਕੌਣ? ਮੈਂ ਤਾਂ ਕੰਧੀ-ਰੁੱਖੜੇਂ। ਬਸ ਆਹ ਦਿਨ ਦੇਖਣ ਨੂੰ ਈ ਜਿਊਂਦਾ ਬਚਿਆ ਸੀ।

[ਰੋਣ ਵਰਗੀ ਅਵਾਜ਼ ਹੋ ਜਾਂਦੀ ਹੈ]

ਦੋਵੇਂ : ਬਾਬਾ ਜੀ, ਇਉਂ ਨਾ ਕਰੋ। ਸਾਡਾ ਵੀ ਮਨ ਖ਼ਰਾਬ ਹੁੰਦੈ।

ਬਜ਼ੁਰਗ : (ਸੰਭਲ਼ ਕੇ) ਹੋਰ, ਪੁੱਤਰੋ! ਫੂਹੀ-ਫੂਹੀ ਕਰਕੇ ਘਰ ਬੰਨ੍ਹਿਆ। ਰੌਲ਼ਿਆਂ-ਗੌਲ਼ਿਆਂ ਦੇ ਉਜਾੜੇ ਸਹੇ। ਥੋਡੀ ਬੇਬੇ ਨੇ ਸਾਰੀ ਉਮਰ ਨਾ ਚੱਜ ਦਾ ਖਾਇਆ ਨਾ ਹੰਢਾਇਆ ਬੱਸ ਇਹੀ ਚਿੰਤਾ ਬਈ ਢੇਰੀ ਵਧ ਜੇ ਜਿੰਨੀ ਵਧਦੀ ਐ। ਦੋਹਾਂ ਪੁੱਤਾਂ ਨੂੰ ਕੋਈ ਔਖ ਨਾ ਰਹੇ। ਕਹਿੰਦੇ ਐ ਬਈ ਬੁੜ੍ਹੀਆਂ ਨੂੰ ਕੁੜੀਆਂ ਦਾ ਬਾਹਲ਼ਾ ਤਿਹੁ ਹੁੰਦੈ ਪਰ ਉਸ ਰੱਬ ਦੀ ਬੰਦੀ ਨੇ ਆਪਣੀਆਂ ਧੀਆਂ ਨੂੰ ਜੱਗੋਂ ਬਾਹਰਾ ਨੀ ਕੁਝ ਦਿੱਤਾ, ਬਈ ਮੇਰੇ ਪੁੱਤ ਨਾ ਰੁਲ਼ਦੇ ਫਿਰਨ ਕਿਤੇ। (ਹੌਕਾ ਭਰ ਕੇ) ਚੰਗਾ ਹੋਇਆ ਉਹ ਟੈਮ ਸਿਰ ਚਲੀ ਗਈ। ਨਹੀਂ ਆਹ ਦੇਖਕੇ ਤੇ ਉਹਦਾ ਜੀਂਦੀ ਦਾ ਮਰਨ ਹੋ ਜਾਂਦਾ, ਜਿਮੇਂ ਮੈਂ ਭੋਰਾ-ਭੋਰਾ ਕਰਕੇ ਖੁਰਦਾ ਜਾਨਾਂ।

ਦੀਪਾ : ਬਾਬਾ ਜੀ! ਅਸੀਂ ਤਾਂ ਥੋਤੋਂ ਹੌਸਲਾ ਲੈਣੈਂ। ਸਗੋਂ ਤੁਸੀਂ ਆਪ ਈ ਢੇਰੀ ਢਾਹੀ ਜਾਨੇ ਓਂ। ਅਸੀਂ ਇਹ ਕਹਿਨੇ ਐਂ ਬਈ ਅਸਾਂ ਕੋਈ ਰਲ਼ ਕੇ ਸਬੀਲ ਬਣਾਈਏ ਬਈ ਇਹ ਨਿੱਤ ਦੇ ਕਲੇਸ਼ ਦਾ ਕੋਈ ਹੱਲ ਬਣੇ।

ਜਿੰਦਾ : ਆਹੋ, ਇਹੀ ਮੈਂ ਕਹਿਨਾਂ।

[ਸਾਰੇ ਆਪਸ ਵਿੱਚ ਸਲਾਹ-ਮਸ਼ਵਰਾ ਕਰਦੇ ਨੇ। ਵਿੱਚ-ਵਿੱਚ ਵਾਰੀ-ਵਾਰੀ ਸਭ ਦੇ ਸਿਰ ਹਿੱਲਦੇ ਨੇ।]

*(ਫ਼ੇਡ ਆਊਟ)*

## ਦ੍ਰਿਸ਼ ਸੱਤਵਾਂ

## (ਫ਼ੇਡ ਇਨ)

[ਵੇਲ਼ਾ ਸ਼ਾਮਾਂ ਦਾ। ਚੁੱਲ੍ਹੇ ਧੁੱਖ ਰਹੇ ਹਨ ਦੋਵੇਂ ਪਾਸੇ। ਸੱਜਣ, ਦੀਪਾ ਅਤੇ ਸੁੰਦਰ ਤੇ ਜਿੰਦਾ ਰੋਟੀ ਖਾ ਰਹੇ ਹਨ। ਸੰਤੀ ਤੇ ਕਰਤਾਰੀ ਪਕਾ ਰਹੀਆਂ ਹਨ। ਕਾਰਜ ਦੋਵੇਂ ਪਾਸੇ ਬਰਾਬਰ ਚੱਲਦਾ ਹੈ।]

**ਇੱਕ ਪਾਸੇ :**

ਕਰਤਾਰੀ : (ਹੌਲ਼ੀ ਅਵਾਜ਼ ਵਿੱਚ) ਬੱਸ ਹੁਣ ਨੀ ਮੈਥੋਂ ਝੱਲਿਆ ਜਾਂਦਾ। ਏਥੋਂ ਚੱਲੋ। ਖੇਤ ਪਾਉ ਘਰ। ਇਸ ਖਲਜਗਣ 'ਚੋਂ ਨਿਕਲ਼ੀਏ।

ਸੱਜਣ : ਨਾ ਹੁਣ ਪਿਉ ਦਾਦੇ ਦਾ ਘਰ ਛੱਡ ਕੇ ਜੰਗਲ 'ਚ ਜਾ ਵਸੀਏ। ਥੋੜ੍ਹੇ ਏਸ ਜ਼ਨਾਨਖ਼ਾਨੇ ਖ਼ਾਤਰ।

ਕਰਤਾਰੀ : ਕਿਉਂ ਜੰਗਲ਼ ਨੂੰ ਕੀ ਐ? ਹੋਰ ਅੱਧਾ ਪਿੰਡ ਨੀ ਖੇਤਾਂ 'ਚ ਘਰ ਪਾ-ਪਾ ਰਹਿੰਦਾ?

ਸੱਜਣ : ਆਹੋ, ਆਹ ਨਿੱਤ ਕਜ਼ੀਏ ਵੀ ਖੇਤਾਂ ਆਲ਼ਿਆਂ ਦੇ ਈ ਸੁਣੀਦੇ ਐ। ਕਦੇ ਉੱਥੇ ਗੋਲ਼ੀ ਚੱਲਗੀ ਕਦੇ ਉੱਥੇ ਧੂ-ਘੜੀਸ ਹੋਗੀ। ਵੱਡੇ ਫ਼ਾਰਮ-ਹਾਊਸਾਂ ਦੀ ਮਾਲਕੀ ਦੇ ਚੱਟੇ ਬੇ।

ਕਰਤਾਰੀ : ਨਾ ਬੰਦਿਆਂ, ਨਾਲ਼ ਈ ਹੁੰਦੀਆਂ। ਹੋਣ ਨੂੰ ਪਿੰਡ 'ਚ ਬੈਠਿਆਂ ਨੂੰ ਤਾਂ ਕੁਸ ਨੀ ਹੁੰਦਾ ਜਿਵੇਂ।

ਦੀਪਾ : ਪਿੰਡ 'ਚ ਫੇਰ ਚਾਰ ਭਾਈ ਨਾਲ਼ ਹੁੰਦੇ ਐ, ਬੇਬੇ ਸੌ ਸੁੱਖ......

ਕਰਤਾਰੀ : (ਵਿੱਚੋਂ ਕੱਟ ਕੇ) ਰਹਿਣ ਦੇ ਤੂੰ ਥੱਡੇ ਭਾਈਆਂ ਦੇ ਕਿੱਸੇ। ਆਹ ਭਾਈਆਂ ਦੇ ਪੱਟੇ ਈ ਤਾਂ ਇੱਥੋਂ ਭੱਜਣ ਨੂੰ ਫਿਰਦੇ ਆਂ।

ਦੀਪਾ : ਬੇਬੇ ਤੂੰ ਵਾਰੇ ਸ਼ਾਹ ਨੂੰ ਭੁੱਲਗੀ ਅਖੇ, 'ਭਾਈਆਂ ਬਾਝ ਨਾ ਮਜਲਸਾਂ ਸੋਂਹਦੀਆਂ ਨੇ......ਭਾਈਆਂ ਬਾਝ ਬਾਗੀਂ ਬਹਾਰ ਨਾਹੀਂ। [ਗਾਉਂਦਾ ਹੈ ਜਿਵੇਂ ਚਿੜਾ ਰਿਹਾ ਹੋਵੇ]

ਕਰਤਾਰੀ : ਮੈਂ ਚਿਮਟਾ ਮਾਰੂੰ ਤੱਤਾ-ਤੱਤ ' ਸਾਰੀ ਕਵੀਸ਼ਰੀ ਕੱਢ ਦੂੰ ਬਾਹਰ!

**ਦੂਜੇ ਪਾਸੇ :**

| | | |
|---|---|---|
| ਸੰਤੀ | : | ਬੱਸ, ਬਹੁਤ ਹੋਗੀ ਜਿੰਦੇ ਦੇ ਬਾਪੂ ! ਹੁਣ ਨੀ ਸਬਰ ਹੁੰਦਾ। ਚਾਹੇ ਤਿੰਨ ਕਰ ਚਾਹੇ ਪੰਜ। ਵੇਚ ਕੇ ਘਰ, ਜ਼ਮੀਨ ਚੱਲ ਸ਼ਹਿਰ ਚੱਲੀਏ। |
| ਸੁੰਦਰ | : | ਨਾ ਸ਼ਹਿਰ ਉੱਥੇ 'ਟੇਸ਼ਨ 'ਤੇ ਬਾਹਾਂ ਲੰਮੀ ਕਰੀ ਬੈਠੇ ਐਂ ਸਾਰੇ ਡੀ. ਸੀ., ਟੀ. ਸੀ., ਬਈ ਆਓ (ਚਿੱਲਾ ਕੇ ਸੰਤੀ ਦੇ ਲਹਿਜੇ ਦੀ ਨਕਲ ਕਰਦਾ ਹੋਇਆ) ਮਹਾਰਾਣੀ ਸੰਤੀ ਕੇ ਟੱਬਰ ਜੀ ਆਪਕਾ ਸਵਾਗਤ ਐ। |
| ਸੰਤੀ | : | ਮੇਰੀ ਗੱਲ ਟਾਲ਼ ਨਾ। ਸਵਾਗਤ ਨੂੰ ਹੋਰ ਉੱਥੇ ਧੱਕੇ ਮਾਰ ਕੇ ਕੱਢ ਦੇਣਗੇ। ਸੌ ਕੰਮ ਨੇ ਕਰਨ ਆਲ਼ੇ। ਕੋਈ ਆਪਣਾ ਕੰਮ ਕਰ ਲਾਂਗੇ। ਹੋਰ ਨੀ ਚਾਰ ਮੱਝਾਂ ਰੱਖ ਕੇ ਕੋਈ ਡੇਅਰੀ ਫ਼ਾਰਮ ਈ ਚਲਾ ਲਾਂਗੇ। ਕਹਿੰਦੇ ਸ਼ਹਿਰਾਂ 'ਚ ਏਸ ਕੰਮ ਦੀ ਬੜੀ ਬੁੱਕਤ ਐ। |
| ਜਿੰਦਾ | : | ਬੇਬੇ ਸ਼ਹਿਰ ਆਲ਼ਿਆਂ ਦਾ ਏਸ ਤੋਂ ਬਿਨਾਂ ਸਰਦਾ ਤਾਂ ਨੀ ਪਰ ਏਸ ਕੰਮ ਆਲ਼ਿਆਂ ਨੂੰ ਉਹ ਛੇਕਿਆਂ ਹੋਇਆਂ ਆਂਗੂੰ ਸ਼ਹਿਰ ਦੇ ਵਿੱਚ ਨੀ ਬੜਨ ਦਿੰਦੇ। ਕਹਿੰਦੇ ਬਈ ਦੁੱਧ ਸਾਨੂੰ ਪਲ਼ਾਉ ਰੱਜਵਾਂ ਪਰ ਡੰਗਰ 'ਸ਼ਹਿਰ ਸੇ ਪਰੇ-ਪਰੇ'। |
| ਸੰਤੀ | : | ਲੈ ਐਵੇਂ ਈ। ਉਂਈਂ ਮਾਰੀ ਜਾਂਦੇ ਭਕਾਈ। |
| ਜਿੰਦਾ | : | ਨਾ ਹੋਰ ਕੀ ਬੇਬੇ! ਆਹ ਚੰਡੀਗੜ੍ਹ 'ਚ ਤਾਂ ਡੰਗਰ-ਪਸ਼ੂ ਦਸ-ਦਸ ਮੀਲ ਤੱਕ ਹੱਦ 'ਚ ਨੀ ਵੜਨਾ ਅਲਾਊਡ। ਜੇ ਕਿਤੇ ਦਿਖ ਜੇ ਨਾਲ਼ੇ ਕੈਦ ਨਾਲ਼ੇ ਜ਼ੁਰਮਾਨਾ (ਚਿੜ੍ਹਾਉਣ ਵਾਲ਼ੇ ਲਹਿਜੇ 'ਚ)। |
| ਸੰਤੀ | : | (ਝਿੜਕ ਕੇ) ਤੂੰ ਆਪਣੀਆਂ ਜਬਲ਼ੀਆਂ ਰੱਖ ਇੱਕ ਪਾਸੇ (ਸੁੰਦਰ ਨੂੰ) ਸੁਣ ਲੈ ਚਾਹੇ ਇੱਕ ਬਾਰ ਚਾਹੇ ਹਜ਼ਾਰ ਬਾਰ। ਤੀਹੋਕਾਲ ਮੈਂ ਨੀ ਇੱਥੇ ਰਹਿਣਾਂ, ਨਿੱਤ ਦੇ ਕੰਜਰ-ਕਲੇਸ਼ 'ਚ। ਏਥੋਂ ਸਾਂਭੋ ਲਟਾ-ਪਟਾ ਤੇ ਤੁਰੋ ਸ਼ਹਿਰ। |

[ਦੋਵੇਂ ਪਾਸੇ ਇੱਕ-ਦੂਜੇ ਨਾਲ ਗੱਲਾਂ ਕਰਨ, ਸਮਝਣ ਸਮਝਾਉਣ ਦਾ ਕਾਰਜ ਜਾਰੀ ਰਹਿੰਦਾ ਹੈ।]

*(ਫ਼ੇਡ ਆਊਟ)*

## ਦ੍ਰਿਸ਼ ਅੱਠਵਾਂ
## (ਫ਼ੇਡ ਇਨ)

[ਕਰਤਾਰੀ ਚੌਂਕੇ ਵਿੱਚ ਬੈਠੀ ਹੈ। ਸੱਜਣ ਬਜ਼ੁਰਗ ਦੇ ਢਾਰੇ 'ਚੋਂ ਬਾਹਰ

ਆਉਂਦਾ ਹੈ। ਚਿੰਤਤ ਮੁਦਰਾ ਵਿੱਚ]

ਸੱਜਣ : ਕਰਤਾਰ ਕੁਰੇ, ਬਾਪੂ ਢਿੱਲੈ ਕੁਸ। ਚਾਹ-ਚੂਹ ਕਰਕੇ ਦੇਹ। ਬਿਰਧ ਸਰੀਰ ਐ ਕਿਤੇ ਹੋਰ ਈ ਭਾਣਾ ਨਾ ਵਰਤ ਜੇ।

ਕਰਤਾਰੀ : ਉਹ ਤਾਂ ਮੈਂ ਦੇ ਆਉਨੀ ਆਂ। ਤੂੰ ਉਹਨੂੰ ਕਿਹਾ ਨੀ ਬਈ ਏਧਰ ਆ ਜੇ।

ਸੱਜਣ : ਕਮਲ਼ੇ ! ਮੈਂ ਇੱਕ ਵਾਰ ਕਿਹੈ? ਉਹਦੀ ਉਹੀ ਰੱਟ.... ਬੱਸ ਮੈਂ ਤਾਂ ਇੱਥੇ ਈ ਰਹੂੰ।

ਕਰਤਾਰੀ : ਚੰਗਾ (ਚਾਹ ਪਾਉਂਦੀ ਹੋਈ) ਲੈ ਜੀ 'ਤੂੰ ਹੀ ਫੜਾਇਆ ਚਾਹ, ਨਾਲ਼ੇ ਦੋ ਘੜੀ ਹੋਰ ਕੋਲ਼ ਬਹਿ ਆ। ਮੈਂ ਬਾੜੇ 'ਚੋਂ ਪਾਥੀਆਂ ਦਾ ਟੋਕਰਾ ਈ ਲਈ ਆਵਾਂ।

ਸੱਜਣ : (ਚਾਹ ਫੜਦਾ ਹੋਇਆ) ਲਿਆ ਦੇਹ।

[ਅੰਦਰ ਜਾਂਦਾ ਹੈ। ਦੂਜੇ ਪਾਸਿਓਂ ਮੋਢੇ 'ਤੇ ਕਹੀ ਰੱਖੀ ਸੁੰਦਰ ਬਾਹਰੋਂ ਆਉਂਦਾ ਹੈ। ਓਟੇ ਵਿੱਚੋਂ ਪਾਣੀ ਦੀ ਗੜਵੀ ਲੈ, ਹੱਥ-ਪੈਰ ਧੋਂਦਾ ਅਵਾਜ਼ ਮਾਰਦਾ ਹੈ।]

ਸੁੰਦਰ : ਮੈਂ ਕਿਹਾ, ਜਿੰਦੇ ਦੀ ਬੇਬੇ! ਓ ਜਿੰਦੇ ਦੀ ਬੇਬੇ।

ਸੰਤੀ : (ਅੰਦਰੋਂ ਬਾਹਰ ਆਉਂਦੀ ਹੋਈ) ਤੂੰ ਜੀ, ਆ ਗਿਆ ਖੇਤੋਂ?

ਸੁੰਦਰ : ਆਹੋ, ਖੇਤ ਦੀ ਖ਼ੈਰ ਐ। ਮਖਿਆਂ ਬਾਪੂ ਢਿੱਲੈ ਕੁਸ? ਆਹ ਰਾਹ 'ਚ ਭਾਬੀ ਮਿਲ਼ੀ ਸੀ ਉਹਨੇ ਦੱਸਿਐ।

ਸੰਤੀ : (ਭਾਬੀ ਦੇ ਨਾਂ ਤੋਂ ਨੱਕ-ਬੁੱਲ੍ਹ ਵੱਟਣ ਹੀ ਲਗਦੀ ਹੈ ਕਿ ਅਚਾਨਕ ਠਰ੍ਹੰਮੇ ਨਾਲ਼)ਆਹੋ, ਮੈਂ ਵੀ ਸੁਣੇ ਸੀ ਦੋਵੇਂ ਖ਼ਸਮ-ਤੀਮੀਂ ਗੱਲਾਂ ਜਿਹੀਆਂ ਕਰਦੇ। ਜਾਹ ਤੂੰ ਜਾਇਆ। ਪਤਾ ਕਰਿਆ ਬੁੜ੍ਹੇ ਦਾ ਕਿਤੇ ਹੋਰ ਕੁਸ ਦਾ ਕੁਸ ਹੋਵੇ।

ਸੁੰਦਰ : ਤੂੰ ਮਾੜੀ ਭਾਖਿਆ ਈ ਕੱਢਿਆ ਕਰ। ਮੈਂ ਕਰਦੈਂ ਪਤਾ ਬਾਪੂ ਦਾ। ਤੂੰ ਜ਼ਰਾ ਰੁੱਗ ਲੁਆ ਤੇ ਜਿੰਦੇ ਨੂੰ ਕਹਿ ਪੱਠੇ ਕੁਤਰ ਦੇ।

ਸੰਤੀ : ਜਿੰਦਾ ਅਜੇ ਕਿੱਥੇ ਮੁੜਿਐ ਸ਼ਹਿਰੋਂ।

ਸੁੰਦਰ : ਚੰਗਾ ਮੈਂ ਈ ਆ ਕੇ ਲਗਦਾਂ। ਤੂੰ ਚਾਹ ਧਰ ਮੈਂ ਬਾਪੂ ਦਾ ਪਤਾ ਕਰ ਆਮਾਂ। ਨਾਲ਼ੇ ਉਹਨੂੰ ਵੀ ਦੇ ਆ। ਆਹ ਤੁਲ਼ਸੀ ਦੇ ਪੱਤੇ ਪਾ ਲੀਂ, ਦੋ। ਠੰਢ-ਠੁੰਢ ਈ ਹੋਊ ਲੱਗੀ।

[ਸੁੰਦਰ ਬਜ਼ੁਰਗ ਦੇ ਢਾਰੇ ਵੱਲ ਜਾਂਦਾ ਹੈ। ਸੰਤੀ ਅੰਦਰ ਚਾਹ ਦਾ ਸਮਾਨ ਲੈਣ ਜਾਂਦੀ ਹੈ।]

(ਫ਼ੇਡ ਆਊਟ)

## ਦ੍ਰਿਸ਼ ਨੌਂਵਾਂ
## (ਫ਼ੇਡ ਇਨ)

[ਦਿਨ ਦਾ ਸਮਾਂ । ਬਾਪੂ ਦਾ ਮੰਜਾ ਦੋਂਹਾਂ ਘਰਾਂ ਦੇ ਬਿਲਕੁਲ ਅੱਧ-ਵਿਚਕਾਰ ਡਾਹਿਆ ਹੋਇਆ ਹੈ। ਸਾਰਾ ਪਰਿਵਾਰ ਉਸ ਦੇ ਮੰਜੇ ਦੇ ਆਲ਼ੇ-ਦੁਆਲ਼ੇ ਹੈ। ਸੱਜਣ ਤੇ ਸੁੰਦਰ ਮੰਜੇ ਦੇ ਪੈਂਦ-ਸਰ੍ਹਾਣੀ ਬੈਠੇ ਹਨ ਅਤੇ ਕਰਤਾਰੀ ਤੇ ਸੰਤੀ ਹੇਠਾਂ ਪੀੜ੍ਹੀਆਂ 'ਤੇ। ਦੀਪਾ ਤੇ ਜਿੰਦਾ ਪਿੱਛੇ ਉਦਾਸ ਜਿਹੇ ਖੜ੍ਹੇ ਹਨ।]

ਸੱਜਣ : ਬਾਪੂ ! ਜਿਦ ਛੱਡ। ਤੂੰ ਢਿੱਲਾ ਬਾਹਲੈਂ। ਚੱਲ ਘਰ ਚੱਲੀਏ ਅੰਦਰ। ਰਜਾਈ 'ਚ ਨਿੱਘਾ ਹੋ ਕੇ ਪੈ। ਮੈਂ ਬਨਾਰਸੀ ਵੈਦ ਨੂੰ ਲਿਆਉਨਾਂ ਜਾ ਕੇ।

ਬਜ਼ੁਰਗ : (ਹੌਂਕਦਾ ਹੋਇਆ) ਨਾ-ਜਮ੍ਹਾ ਨੀ।

ਸੁੰਦਰ : ਬਾਪੂ, ਮੰਨ ਲਿਆ ਕਰ ਕਿਸੇ ਦੀ। ਤੂੰ ਚੱਲ ਮੇਰੇ ਅੱਲ ਚੱਲ। ਅੰਦਰ ਰਮਾਨ ਨਾਲ਼ ਪੈ। ਸੰਤੀਏ ਤੂੰ ਚਾਹ ਬਣਾ। ਮੈਂ ਸ਼ਹਿਰੋਂ ਡਾਕਟਰ ਸੱਦ ਕੇ ਲਿਆਉਨਾਂ।

[ਜਾਣ ਲੱਗਦਾ ਹੈ ਕਿ ਬਜ਼ੁਰਗ ਰੋਕਦਾ ਹੈ]

ਬਜ਼ੁਰਗ : (ਔਖੀ ਅਵਾਜ਼ 'ਚ-ਓ ਕੰਜਰੋ, ਮੇਰਾ ਇੱਕ ਵਾਰ ਕਿਹਾ ਨੀ ਸੁਣਿਆ। ਮੈਂ ਕਿਸੇ ਪਾਸੇ ਨੀ ਜਾਣਾ)

ਸੱਜਣ : (ਥੋੜ੍ਹਾ ਗ਼ੁੱਸੇ 'ਚ) ਹੋਰ ਏਥੇ ਮਰਨੈ, ਬਾਹਰ ਵਿਹੜੇ 'ਚ।

ਸੁੰਦਰ : ਬਾਪੂ, ਸੋਚ ਜ਼ਰਾ। ਲੋਕ ਕੀ ਕਹਿਣਗੇ। ਬਈ ਨੱਥੇ ਕਿਆਂ ਕੇ ਟੱਬਰ ਦਾ ਬੁੜ੍ਹਾ ਬਾਹਰ ਮਰ ਗਿਆ, ਅੱਧ-ਵਿਚਕਾਰ।

ਬਜ਼ੁਰਗ : ਚਾਹੇ ਕੋਈ ਕੁਛ ਕਹੇ। ਮੈਨੂੰ ਨੀਂ ਪਰਵਾਹ। ਮੈਂ ਸੌ ਦੀ ਇੱਕ ਸੁਣਾ 'ਤੀ। ਬਈ ਮੈਂ ਅੱਡ-ਅੱਡ ਹੋਏ ਘਰਾਂ 'ਚ ਨੀ ਜਾਣਾ। ਨਾਲ਼ੇ ਆਹ ਅੱਜ ਦੀ ਗੱਲ ਐ ? ਜਿਵੇਂ ਥੋਨੂੰ ਪਤਾ ਨੀ। ਜਿੱਦਣ ਦਾ ਇਹ ਵੰਡ-ਵੰਡਾਰਾ ਹੋਇਐ, ਮੈਂ ਪਾਇਐ ਕਦਮ ਥੋਡੇ ਦੋਂਹਾਂ ਦੇ 'ਘਰਾਂ' 'ਚ? ['ਘਰਾਂ' ਸ਼ਬਦ ਵਿਅੰਗ ਨਾਲ ਕਹਿੰਦਾ ਹੈ]

ਸੱਜਣ : ਓ, ਇਹ ਤਾਂ ਠੀਕ ਐ, ਮੇਰੇ ਬਾਪੂ ਜੀ ਮਾਰ੍ਹਾਜ ! ਪਰ ਹੁਣ ਤੂੰ ਬਮਾਰ ਐਂ, ਤੀਮਾਰਦਾਰੀ ਦੀ ਲੋੜ ਐ। ਹੁਣ ਤਾਂ ਇੱਕ ਥਾਂ ਟਿਕਿਆ ਈ ਸਰੂ।

ਸੁੰਦਰ : ਹੋਰ। ਨਾਲ਼ੇ ਏਥੇ ਪਿਆ ਊਂ ਠੰਢ 'ਚ ਆਕੜ ਜੇਂਗਾ, ਸ਼ਾਮ ਤੱਕ।

ਬਜ਼ੁਰਗ : ਮੈਂ ਤਾਂ ਮਾੜੀ ਜੀ ਧੁੱਪ ਦੇਖ ਕੇ ਮੁੰਡਿਆਂ ਤੋਂ ਕਢਵਾਇਆ ਮੰਜਾ, ਬਾਹਰ। ਬਹੁਤਾ ਕਰਦਿਉ ਮੇਰਾ ਮੰਜਾ ਅੰਦਰ ਫੇਰ ਢਾਰੇ 'ਚ ਕਰ ਦੋ ਪਰ ਮੈਂ ਰਹੂੰ 'ਲੀਕ ਦੇ ਉੱਤੇ।'

ਸੱਜਣ : ਬਾਪੂ ! ਕਿਉਂ ਕਮਲੀਆਂ ਮਾਰਦੈਂ? ਤੈਨੂੰ 'ਕੱਲੇ ਨੂੰ ਕਿਵੇਂ ਛੱਡ ਦੀਏ ਹੁਣ।
[ਔਖਾ-ਭਾਰਾ ਹੁੰਦਾ ਹੈ]

ਬਜ਼ੁਰਗ : ਕਿਉਂ, ਅੱਜ ਹੋਇਆਂ ਮੈਂ ਕੱਲਾ? ਮੈਂ ਤਾਂ ਕਦ ਦਾ ''ਕੱਲਾਂ''।
[ਦ੍ਰਿੜ੍ਹਤਾ ਨਾਲ਼ ਬੋਲਦਾ ਹੈ। 'ਕੱਲਾਂ' ਸ਼ਬਦ ਤੇ ਜ਼ੋਰ ਦਿੰਦਾ ਹੈ]

ਦੀਪਾ : (ਥੋੜ੍ਹਾ ਜਕ ਕੇ ਸੱਜਣ ਨੂੰ) ਬਾਪੂ ਜੀ ! ਤੁਸੀਂ ਬਾਬਾ ਜੀ ਦੀ ਗੱਲ ਕਿਉਂ ਨੀ ਸਮਝਦੇ ? ਹਾਂ ਤਾਂ ਅਸੀਂ ਨਿਆਣੇ ਥੋਨੂੰ ਸਮਝਾਂਦੇ ਚੰਗੇ ਨੀ ਲਗਦੇ ਪਰ ਤੁਸੀਂ ਵਿਚਾਰੋ ਤਾਂ ਸਹੀ।

ਜਿੰਦਾ : (ਸੁੰਦਰ ਨੂੰ) ਬਾਬਾ ਜੀ ਨੇ ਹਾਲੇ ਤੱਕ ਇਸ ਘਰ ਦੇ ਦੋ ਟੋਟੇ ਮਨੋਂ ਨੀ ਮੰਨੇ। ਤਾਂ ਹੀ ਐਨੇ ਸਾਲਾਂ ਤੋਂ ਕੱਲੇ ਆਪਣੇ ਢਾਰੇ 'ਚ ਬੈਠੇ ਐ। ਤੁਸੀਂ ਉਹਨਾਂ ਦਾ ਮਨ ਕਿਉਂ ਨੀ ਪੜ੍ਹਦੇ?

ਦੀਪਾ : (ਕਰਤਾਰੀ ਨੂੰ) ਬੇਬੇ, ਥੋਡੇ ਕਜੀਏ-ਕਲੇਸ਼ ਨੇ ਘਰ 'ਚ ਵੰਡੀਆਂ ਪੁਆਈਆਂ। ਬਾਬੇ ਦਾ ਦਿਲ ਅੱਡ ਦੁਖਾਇਆ। ਇਹਨਾਂ ਨੂੰ (ਬਾਪੂ ਤੇ ਚਾਚੇ ਵੱਲ) ਅੱਡ ਤਪਾਇਆ।

ਜਿੰਦਾ : (ਸੰਤੀ ਨੂੰ) ਜੇ ਹੁਣ ਵੀ ਭਲੀ ਲੋੜਦੇ ਓਂ ਤਾਂ ਛੱਡ ਦਿਓ ਹਿੰਡ। ਏਹਨਾਂ ਕਲੇਸਾਂ ਨੇ ਕਦੇ ਕਿਸੇ ਦਾ ਕੁਝ ਨੀ ਸੁਆਰਿਆ।
[ਕਰਤਾਰੀ ਤੇ ਸੰਤੀ ਨਿੰਮੋਝੂਣੀਆਂ ਜਿਹੀਆਂ ਹੁੰਦੀਆਂ ਪੈਰਾਂ ਦੇ ਨਹੁੰ ਖੁਰਚਦੀਆਂ ਹਨ। ਸੱਜਣ ਤੇ ਸੁੰਦਰ ਵੀ ਸ਼ਰਮਿੰਦਗੀ ਜਿਹੀ ਮਹਿਸੂਸ ਕਰਦੇ ਹਨ। ਬਾਬੇ ਦੇ ਚਿਹਰੇ 'ਤੇ ਰੌਣਕ ਆਉਣ ਲੱਗਦੀ ਹੈ।]

ਦੀਪਾ : (ਜਿਵੇਂ ਸਾਰਿਆਂ ਨੂੰ ਕਹਿ ਰਿਹਾ ਹੋਵੇ) ਦੇਖ ਲਊ। ਜੇ ਬਾਬਾ ਜੀ ਲੋੜੀਂਦੇ ਐ। ਘਰ ਦੀ ਸ਼ਾਂਤੀ ਲੋੜੀਂਦੀ ਐ ਤਾਂ ਢਾਹੋ ਇਹ ਅੱਡ-ਅੱਡ ਕੰਧੋਲੀਆਂ।

ਜਿੰਦਾ : (ਜੋਸ਼ ਨਾਲ਼) ਛੱਡੋ ਇਹ ਨਿੱਤ-ਨਿੱਤ ਦੇ ਨਿਗੂਣੇ ਝਗੜੇ। ਹੋਵੋ 'ਕੱਠੇ।
[ਸੱਜਣ, ਸੁੰਦਰ, ਕਰਤਾਰੀ ਤੇ ਸੰਤੀ ਦੇ ਚਿਹਰਿਆਂ 'ਤੇ ਹਾਂ ਦੀ ਝਲਕ ਮਿਲਦੀ ਹੈ। ਬਜ਼ੁਰਗ ਉੱਠ ਕੇ ਬਹਿਣ ਦੀ ਕੋਸ਼ਸ਼ ਕਰਦਾ ਹੈ।]

ਦੀਪਾ : ਠੀਕ ਐ ਫੇਰ! ਲੈ ਬਈ ਜਿੰਦਿਆ, ਹੋ ਜਾ ਤਿਆਰ।

[ਦੋਵੇਂ ਜਾ ਕੇ ਓਟੇ ਢਾਹੁਣ ਲੱਗਦੇ ਹਨ। ਭਾਂਡੇ ਸਾਂਭੀ ਥਾਂ ਕਰਦੇ ਹਨ। ਬਾਬਾ ਹੌਲ਼ੀ-ਹੌਲ਼ੀ ਉੱਠ ਕੇ ਖੜ੍ਹਾ ਹੁੰਦਾ ਹੈ। ਸੱਜਣ ਤੇ ਸੁੰਦਰ ਬਾਬੇ ਦੇ ਲਾਗੇ ਜਾ ਕੇ ਉਹਨੂੰ ਮੋਢਿਆਂ ਤੋਂ ਫੜਕੇ ਖੜਾ ਕਰਨ ਵਿੱਚ ਮਦਦ ਕਰਦੇ ਹਨ। ਸੰਤੀ ਤੇ ਕਰਤਾਰੀ ਦੇ ਚਿਹਰਿਆਂ 'ਤੇ ਮੁਸਕਾਣ ਆਉਂਦੀ ਹੈ ਤੇ ਉਹ ਪੀੜ੍ਹੀਆਂ 'ਤੇ ਬੈਠਿਆਂ-ਬੈਠਿਆਂ ਇਕ-ਦੂਜੇ ਵੱਲ ਮੁਸਕਰਾ ਕੇ ਤੱਕਦੀਆਂ ਹਨ। ਇਹ ਤੱਕਣੀ ਪਹਿਲਾਂ ਵਾਲ਼ੀ ਕੌੜ-ਕੌੜ ਤੱਕਣੀ ਤੋਂ ਬਿਲਕੁਲ ਉਲਟ ਹੈ। ਪਿਛੋਕੜ ਤੋਂ ਗੀਤ ਉੱਭਰਦਾ ਹੈ]

ਸਾਡਾ ਵੱਸਦਾ ਰਹੇ ਘਰ ਬਾਰ,
ਸਾਡਾ ਬਣਿਆ ਰਹੇ ਪਿਆਰ।
ਨਜ਼ਰ ਕੋਈ ਲੱਗੇ ਨਾ।
ਬਿਨ ਪਿਆਰਾਂ ਦੇ ਯਾਰ,
ਇਹ ਵਿਹੜਾ ਫੱਬੇ ਨਾ..........।

*(ਫ਼ੇਡ ਆਊਟ)*